# FARM AND SPICE

**Open 7 Days a Week**
**8.30 am to 9.00 pm**

**SPECIAL OFFERS: 14 - 20 APR**

Daily Specials on

ਟਮਾਟਰ
**Tomatoes** Hothouse — 89¢ /lb

ਯੈਲੋ/ਓਰੇਂਜ ਪੇਪਰ
**Yellow/Orange Pepper** — 99¢ /lb

ਸ਼ਿਮਲਾ ਮਿਰਚ
**Green Pepper** — $1.49 /lb

ਸ਼ਕਰਕੰਦੀ
**Red Yams/Sweet Potato** — $1.49 /lb

ਕਾਸਮਿਕ ਕ੍ਰਿਸਪ ਸੇਬ
**Cosmic Crisp Apple** — $1.99 /lb

ਐਂਬ੍ਰੋਸੀਆ ਸੇਬ
**Ambrosia Apple** — $1.99 /lb

ਖੀਰਾ
**Cucumber** English — $1.49 each

ਟਮਾਟਰ
**Tomatoes** Roma — $1.49 /lb

ਆਵੋਕਾਡੋ
**Avocado** — 99¢ each

ਜੰਬੋ ਬੈਂਗਣ
**Eggplant** Jumbo — $1.99 each

ਤਰਬੂਜ਼
**Watermelon** Mini — $2.99 each

ਲਸਣ
**Garlic** — 1kg $3.49 each

ਟਾਟਾ ਨਮਕ
**Tata Salt** — 99¢ each

ਸੋਹਣਾ ਸਾਗ
**Sohna** Sarson Ka Saag — 850g $2.99 each

ਰੂਹਅਫਜ਼ਾ
**Hamdard** Roohafza Pakistani — 800ml $3.99 each

ਸ਼ੇਰ ਦਾਲਾਂ
**Sher Lentils** Moong Beans Whole/ Moong Dal Washed/ Urad Dal/Chick peas — 4lb $4.99 each

ਸ਼ੇਰ ਵੇਸਣ
**Sher Besan** — 4lb $3.99 each

ਪਚਰੰਗਾ ਸ਼ੱਕਰ
**Pachranga** Punjabi Shakkar — 1kg $3.99 each

**Ama** Disposable Spoons — 20pcs $1.29 each

**Ama** 7' Round Plates — 40pcs $3.99 each

**Ama** 9 oz paper cups — 50pcs $3.99 each

**Ama** 6 Compartment trays — 40pcs $9.99 each

ਪਾਰਲੀਮੈਂਟ ਚਾਵਲ
**Parliament** Rozana Basmati Rice — 8 lb $7.99 each

ਹੀਰ ਖੰਡ
**Heer Sugar** Brown/White — 8 lb $7.99 each

ਰੈਡ ਲੇਬਲ ਚਾਹ
**Red Label** Round Tea Bags — 216Bags $9.99 each

**A+Plus** A+Plus asstd. pulses 1kg — 50% OFF

**Mangoes available at both locations**

**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# HAPPY VAISAKHI

## ਖਾਲਸੇ ਦੇ ਸਾਜਨਾ ਦਿਵਸ ਅਤੇ

# ਵਿਸਾਖੀ

## ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ



Honourable
# HARJIT SAJJAN

Member of Parliament, Vancouver South

6406 Victoria Drive Vancouver, British Columbia V5P 3X7

Telephone: 604-775-5323 | E-mail : Harjit.sajjan@parl.gc.ca

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਬੱਚਿਆਂ ਵੱਲੋਂ ਕੀਰਤਨ ਦਰਬਾਰ ਕੀਤਾ ਗਿਆ














ਸਰੀ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਖਾਲਸਾ ਸਾਜਨਾ ਦਿਵਸ ਤੇ ਅੰਮ੍ਰਿਤ ਸੰਚਾਰ ਹੋਏ ਜਿਸ ਵਿਚ 13 ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਲੈ ਕੇ ਗੁਰੂ ਵਾਲੇ ਬਣੇ ਅਤੇ ਸ੍ਰੀ ਗੁਰੂ ਸਿੰਘ ਸਭਾ ਕੀਰਤਨ ਦੀ ਕਲਾਸ ਦੇ ਬੱਚਿਆਂ ਨੇ ਕੀਰਤਨ ਦਰਬਾਰ ਕੀਤਾ। ਜਿਸ ਵਿਚ ਭਾਈ ਮਰਦਾਨਾ ਗੁਰਮਤਿ ਸੰਗੀਤ ਅਕੈਡਮੀ ਐਬਟਸਫੋਰਡ ਦੇ ਬੱਚਿਆਂ ਨੇ ਭਾਗ ਲਿਆ।

# ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



ਮਨਜਿੰਦਰ ਕੌਰ ਛੋਕਰ

ਜ਼ਿਲ੍ਹਾ ਲੁਧਿਆਣਾ ਦੇ ਮੁੱਲਾਂਪੁਰ ਦਾਖਾ ਨੇੜਲੇ ਪਿੰਡ ਰਕਬਾ ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਤੇ ਕਨੇਡਾ ਵਿਚ ਵੱਖ ਵੱਖ ਅਖਬਾਰਾਂ ਦੇ ਡਿਸਟਰੀਬਿਊਟਰ ਸਰੀ ਦੀ ਨਾਮਵਰ ਸਖਸ਼ੀਅਤ ਸ. ਬਲੀ ਸਿੰਘ ਛੋਕਰ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਉਹਨਾਂ ਦੀ ਧਰਮ ਪਤਨੀ ਬੀਬੀ ਮਨਜਿੰਦਰ ਕੌਰ ਛੋਕਰ ਆਪਣੀ 57 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਉਹ ਬੀਤੇ 10 ਸਾਲ ਤੋਂ ਨਾਮੁਰਾਦ ਬਿਮਾਰੀ ਕੈਂਸਰ ਤੋਂ ਪੀੜਤ ਸਨ। ਮੋਹੀ ਨੇੜਲੇ ਪਿੰਡ ਰੁੜਕਾ ਕਲਾਂ ਜ਼ਿਲ੍ਹਾ ਲੁਧਿਆਣਾ ਦੀ ਜੰਮਪਲ ਮਨਜਿੰਦਰ ਕੌਰ 1986 ਵਿਚ ਕਨੇਡਾ ਆਏ ਸਨ। ਇਹਨਾਂ ਦਾ ਅੰਤਮ ਸਸਕਾਰ 15 ਅਪ੍ਰੈਲ ਦਿਨ ਸ਼ਨਿਚਰਵਾਰ ਸਵੇਰੇ 11 ਵਜੇ ਰਿਵਰਸਾਈਡ ਫਿਊਨਰਲ ਹੋਮ 7410 ਹਾਪਕਾਟ ਰੋਡ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਅੰਮ੍ਰਿਤ ਪ੍ਰਕਾਸ਼ ਸਰੀ ਵਿਖੇ ਹੋਵੇਗੀ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ**

**ਬਲੀ ਸਿੰਘ ਛੋਕਰ:604-719-8701**

**ਗੁਰਬੀਰ ਛੋਕਰ:778-237-5809**

# ਹਿੰਦੂ ਰਾਸ਼ਟਰ ਪੰਚਾਇਤ' ਵੱਲੋਂ ਉੱਤਰ-ਪੂਰਬੀ ਦਿੱਲੀ ਨੂੰ 'ਪਹਿਲਾ ਹਿੰਦੂ ਰਾਸ਼ਟਰ ਜ਼ਿਲ੍ਹਾ' ਬਣਾਉਣ ਦਾ ਸੱਦਾ




ਨਵੀਂ ਦਿੱਲੀ— ਉੱਤਰ-ਪੂਰਬੀ ਦਿੱਲੀ ਦੇ ਕਰਾਵਲ ਨਗਰ 'ਚ ਲੰਘੇ ਐਤਵਾਰ ਨੂੰ ਆਯੋਜਿਤ 'ਹਿੰਦੂ ਰਾਸ਼ਟਰ ਪੰਚਾਇਤ' 'ਚ ਸੰਯੁਕਤ ਹਿੰਦੂ ਫਰੰਟ ਦੇ ਮੈਂਬਰਾਂ ਨੇ 'ਹਿੰਦੂ ਰਾਸ਼ਟਰ' ਬਣਾਉਣ ਅਤੇ 'ਲਵ ਜੇਹਾਦ' ਖਿਲਾਫ ਕਾਰਵਾਈ ਕਰਨ ਦਾ ਸੱਦਾ ਦਿੱਤਾ। ਵਰਣਨਯੋਗ ਹੈ ਕਿ ਉੱਥੇ ਮੌਜੂਦ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਭਾਜਪਾ ਨੇਤਾ ਅਤੇ ਸੰਯੁਕਤ ਹਿੰਦੂ ਮੋਰਚੇ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਜੈ ਭਗਵਾਨ ਗੋਇਲ ਨੇ ਕਿਹਾ ਕਿ ਸਾਡਾ ਉਦੇਸ਼ ਉੱਤਰ-ਪੂਰਬੀ ਦਿੱਲੀ ਨੂੰ ਪਹਿਲਾ ਹਿੰਦੂ ਰਾਸ਼ਟਰ ਜ਼ਿਲਾ ਬਣਾਉਣਾ ਹੈ। ਗੋਇਲ ਨੇ ਕਿਹਾ ਕਿ 2025 ਵਿੱਚ ਆਰ.ਐਸ.ਐਸ ਦੇ 100 ਸਾਲ ਪੂਰੇ ਹੋਣ ਤੋਂ ਪਹਿਲਾਂ ਇਸ ਦਾ ਉਦੇਸ਼ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਨੂੰ ਪੂਰਾ ਕਰਨਾ ਹੈ। ਉਨ੍ਹਾਂ ਕਰਾਵਲ ਨਗਰ ਵਾਸੀਆਂ ਨੂੰ ਕਿਹਾ ਕਿ ਉਹ ਆਪਣੇ ਘਰ ਵੇਚਣ ਅਤੇ ਮੁਸਲਮਾਨਾਂ ਨਾਲ ਵਪਾਰ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ, "ਅਸੀਂ ਹਿੰਦੂਆਂ ਦੀ ਸੁਰੱਖਿਆ ਲਈ ਪੰਚਾਇਤ ਅਤੇ ਵਿਧਾਨ ਸਭਾ ਪੱਧਰ 'ਤੇ ਇਕਾਈਆਂ ਬਣਾ ਰਹੇ ਹਾਂ। "ਹਿੰਦੁਸਤਾਨ ਟਾਈਮਜ਼ ਦੀਆਂ ਖ਼ਬਰਾਂ ਮੁਤਾਬਕ ਉਨ੍ਹਾਂ ਕਿਹਾ, "ਅਸੀਂ ਪਹਿਲਾਂ ਉੱਤਰ-ਪੂਰਬੀ ਦਿੱਲੀ ਨੂੰ ਹਿੰਦੂ ਰਾਸ਼ਟਰ ਜ਼ਿਲ੍ਹਾ ਬਣਾਵਾਂਗੇ ਅਤੇ ਫਿਰ ਪੂਰੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਵਾਂਗੇ। "2020 ਦੀ ਸ਼ੁਰੂਆਤ 'ਚ ਉੱਤਰ-ਪੂਰਬੀ ਦਿੱਲੀ 'ਚ ਹੋਏ ਦੰਗਿਆਂ ਦਾ ਜ਼ਿਕਰ ਕਰਦੇ ਹੋਏ ਗੋਇਲ ਨੇ ਦਾਅਵਾ ਕੀਤਾ ਕਿ ਇਲਾਕੇ ਨੂੰ 'ਮਿੰਨੀ ਪਾਕਿਸਤਾਨ' ਬਣਾਉਣ ਦੀ ਸਾਜ਼ਿਸ਼ ਰਚੀ ਗਈ ਸੀ। ਉਨ੍ਹਾਂ ਕਿਹਾ, 'ਇਹ ਟੋਪੀ ਵਾਲੇ ਪਾਕਿਸਤਾਨ ਵਰਗੇ ਇਸਲਾਮਿਕ ਦੇਸ਼ਾਂ ਦੇ ਇਸ਼ਾਰੇ 'ਤੇ 2047 ਤੱਕ ਭਾਰਤ ਨੂੰ 'ਗਜਵਾ-ਏ-ਹਿੰਦ' 'ਚ ਬਦਲਣ ਦੀ ਯੋਜਨਾ ਬਣਾ ਰਹੇ ਹਨ।

ਜੇਕਰ ਅਸੀਂ 'ਤ੍ਰਿਸ਼ੂਲ' ਦੀ ਵਰਤੋਂ ਨਹੀਂ ਕਰਦੇ ਅਤੇ ਸੜਕਾਂ 'ਤੇ ਨਹੀਂ ਆਉਂਦੇ ਹਾਂ, ਤਾਂ ਸਾਡੀਆਂ ਭੈਣਾਂ ਬੁਰਕੇ ਪਹਿਨਣ ਲਈ ਮਜ਼ਬੂਰ ਹੋ ਸਕਦੀਆਂ ਹਨ ਅਤੇ ਬੱਚੇ ਟੋਪੀ ਪਾਉਣ ਲਈ ਮਜਬੂਰ ਹੋ ਸਕਦੇ ਹਨ।

# ਪਲੀਅ ਵੱਲੋਂ ਸਰੀ ਦੇ ਮਾਪਿਆਂ ਨੂੰ ਅਪੀਲ



ਸਰੀ:ਸਰ੍ਹੀ ਸਕੂਲ ਬੋਰਡ ਵਲੋਂ ਛੇ ਐਲੀਮੈਂਟਰੀ ਸਕੂਲਾਂ ਅਤੇ ਚਾਰ ਹਾਈ ਸਕੂਲਾਂ ਦੇ ਬੱਚਿਆਂ ਅਤੇ ਮਾਪਿਆਂ ਨੂੰ ਸਤੰਬਰ, 2023 ਨੂੰ ਸ਼ੁਰੂ ਹੋਣ ਵਾਲੀਆਂ ਪੰਜਾਬੀ ਕਲਾਸਾਂ ਵਾਰੇ ਨੋਟਿਸ ਭੇਜੇ ਗਏ ਹਨ। ਇਹ ਸਕੂਲ ਹਨ:ਬੀਵਰਕਰੀਕ ਐਲੀਮੈਂਟਰੀ, ਇਨਵਰ ਕਰੀਕ ਸੈਕੰਡਰੀ, ਚਿਮਨੀ ਹਿੱਲ ਐਲੀਮੈਂਟਰੀ, ਫਰੈਂਕ ਹਰਟ ਸੈਕੰਡਰੀ, ਗਰੀਨ ਟਿੰਬਰਸ ਐਲੀਮੈਂਟਰੀ, ਪ੍ਰਿੰਸ ਮਾਰਗਰੇਟ ਸੈਕੰਡਰੀ, ਨਿਊਟਨ ਐਲੀਮੈਂਟਰੀ, ਤਮਾਨਾਵਿਸ ਸੈਕੰਡਰੀ, ਸਟਰਾਅਬੇਰੀ ਹਿੱਲ ਐਲੀਮੈਂਟਰੀ, ਟੀ.ਈ. ਸਕੌਟ ਐਲੀਮੈਂਟਰੀ। ਐਲੀਮੈਂਟਰੀ ਸਕੂਲਾਂ ਦੇ ਬੱਚਿਆਂ ਨੂੰ ਪੰਜਵੀ ਜਮਾਤ ਤੋਂ ਅੱਠਵੀਂ ਜਮਾਤ ਤਕ ਅੰਗਰੇਜੀ ਤੋਂ ਬਿਨਾਂ ਇਕ ਹੋਰ ਭਾਸ਼ਾ ਪੜ੍ਹਨੀ ਜਰੂਰੀ ਹੈ। ਸਰ੍ਹੀ ਦੇ ਇਹਨਾਂ ਐਲੀਮੈਂਟਰੀ ਛੇ ਸਕੂਲਾਂ ਵਿਚ ਸਤੰਬਰ 2023 ਵਿਚ ਦਾਖਲ ਹੋ ਰਹੇ ਪੰਜਵੀਂ ਜਮਾਤ ਦੇ ਬੱਚਿਆਂ ਨੂੰ ਪੰਜਾਬੀ ਅਤੇ ਫਰਾਂਸੀਸੀ ਵਿਚੋਂ ਇਕ ਭਾਸ਼ਾ ਦੀ ਚੋਣ ਕਰਨੀ ਪੈਣੀ ਹੈ। ਇਸ ਲਈ ਫਾਰਮ ਮਾਪਿਆਂ ਕੋਲ ਪਹੁੰਚ ਗਏ ਹਨ। ਪਲੀਅ ਵਲੋਂ ਸਭ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਛੇਤੀ ਤੋਂ ਛੇਤੀ ਇਹ ਫਾਰਮ ਭਰੋ। ਇਸ ਵਿਚ ਆਪਣੇ ਬੱਚੇ ਲਈ ਪੰਜਾਬੀ ਦੀ ਚੋਣ ਕਰਕੇ ਇਹ ਫਾਰਮ ਛੇਤੀ ਹੀ ਬੱਚੇ ਦੇ ਸਕੂਲ ਤਕ ਪੁਹੰਚਾਉ। ਇਹਨਾਂ ਚੌਹਾਂ ਹਾਈ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਇਹੀ ਅਪੀਲ ਹੈ ਕਿ ਪੰਜਾਬੀ ਭਾਸ਼ਾ ਦੀ ਚੋਣ ਕਰੋ। ਹੋਰ ਜਾਣਕਾਰੀ ਲਈ ਸਕੂਲ ਬੋਰਡ ਨਾਲ ਜਾਂ ਮੇਰੇ (ਬਲਵੰਤ ਸਿੰਘ ਸੰਘੇੜਾ)ਨਾਲ 604-836-8976 ਉਪਰ ਜਾਂ ਸਾਧੂ ਬਿਨਿੰਗ ਨਾਲ 778-773-1886 ਉਪਰ ਸੰਪਰਕ ਕਰੋ। ਧਨੰਵਾਦ।

# ਮਸਜਿਦ ਦੇ ਬਾਹਰ ਧਾਰਮਿਕ ਗਾਲਾਂ ਕੱਢਣ ਵਾਲਾ ਸ਼ਰਨ ਕਰੁਣਾਕਰਨ ਗ੍ਰਿਫਤਾਰ



ਟੋਰਾਂਟੋ: ਕੈਨੇਡੀਅਨ ਪੁਲਿਸ ਨੇ ਓਨਟਾਰੀਓ ਦੀ ਇੱਕ ਮਸਜਿਦ ਵਿੱਚ ਨਫ਼ਰਤ ਨਾਲ ਪ੍ਰੇਰਿਤ ਘਟਨਾ ਵਿੱਚ ਇੱਕ 28 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ 'ਤੇ ਸ਼ਰਧਾਲੂਆਂ ਨੂੰ ਧਮਕੀਆਂ ਦੇਣ ਅਤੇ ਧਾਰਮਿਕ ਅਪਸ਼ਬਦ ਬੋਲਣ ਦਾ ਦੋਸ਼ ਲਗਾਇਆ ਹੈ। ਸ਼ਰਨ ਕਰੁਣਾਕਰਨ ਨੇ ਇਕ ਸ਼ਰਧਾਲੂ 'ਤੇ ਸਿੱਧਾ ਹਮਲਾ ਕੀਤਾ, ਅਤੇ ਧਮਕੀਆਂ ਅਤੇ ਧਾਰਮਿਕ ਗਾਲਾਂ ਕੱਢੀਆਂ। ਗਵਾਹਾਂ ਨੇ ਪੁਲਿਸ ਨੂੰ ਦੱਸਿਆ ਕਿ ਫਿਰ ਉਸਨੇ ਜਾਇਦਾਦ ਛੱਡਣ ਤੋਂ ਪਹਿਲਾਂ ਪਾਰਕਿੰਗ ਵਿੱਚ ਖਤਰਨਾਕ ਢੰਗ ਨਾਲ ਗੱਡੀ ਚਲਾਈ। ਕੈਨੇਡੀਅਨ ਵਪਾਰ ਮੰਤਰੀ ਮੈਰੀ ਐਨ ਜੀ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਨਫ਼ਰਤ ਅਪਰਾਧ ਦੀ ਕੈਨੇਡੀਅਨ ਸਮਾਜ ਵਿੱਚ ਕੋਈ ਥਾਂ ਨਹੀਂ ਹੈ।

# ਹਿੰਦੂ ਵਿਅਕਤੀ ਦੀ ਹੱਤਿਆ ਤੋਂ ਬਾਅਦ ਮੁਸਲਿਮ ਭਾਈਚਾਰੇ ਨਾਲ ਸਬੰਧਤ ਲੋਕਾਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ:ਮੇਰਠ ਪੁਲਿਸ

ਯੂ.ਪੀ:-ਉੱਤਰ ਪ੍ਰਦੇਸ਼ ਦੇ ਮੇਰਠ ਜ਼ਿਲ੍ਹੇ ਦੇ ਪਾਲਦਾ ਪਿੰਡ ਵਿੱਚ ਕਥਿਤ ਤੌਰ 'ਤੇ ਇੱਕ ਹਿੰਦੂ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਸ ਦੇ ਪਰਿਵਾਰ ਨੇ ਇਸ ਦੇ ਲਈ ਕੁਝ ਮੁਸਲਿਮ ਨੌਜਵਾਨਾਂ 'ਤੇ ਦੋਸ਼ ਲਗਾਇਆ ਸੀ। ਕਤਲ ਮਾਮਲੇ 'ਚ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਮੁਸਲਮਾਨਾਂ ਦੇ ਘਰਾਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਪਛਾਣ ਕਰਕੇ ਮਾਮਲਾ ਦਰਜ ਕੀਤਾ ਜਾਵੇਗਾ। ਪੁਲਿਸ ਸੁਪਰਡੈਂਟ (ਐਸਪੀ ਰੂਰਲ) ਕਮਲੇਸ਼ ਬਹਾਦੁਰ ਨੇ ਦੱਸਿਆ ਕਿ 24 ਸਾਲਾ ਵਿਸ਼ੂ ਦੀ ਐਤਵਾਰ ਸ਼ਾਮ ਨੂੰ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਕਥਿਤ ਤੌਰ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਐਸਪੀ ਨੇ ਕਿਹਾ, "ਉਸ ਦੇ ਪਰਿਵਾਰ ਦਾ ਦੋਸ਼ ਹੈ ਕਿ ਉਸ ਦੀ ਹੱਤਿਆ ਕੁਝ ਮੁਸਲਿਮ ਨੌਜਵਾਨਾਂ ਨੇ ਕੀਤੀ ਸੀ, ਜਿਨ੍ਹਾਂ ਨਾਲ ਹੋਲੀ ਦੌਰਾਨ ਕਥਿਤ ਤੌਰ 'ਤੇ ਲੜਾਈ ਹੋਈ ਸੀ।

BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth insurance services ltd.
Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops, Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ‘ਕਤਲੇਆਮ ਸਾਰੀ ਦੁਨੀਆਂ ਨੇ ਦੇਖਿਆ, ਪਰ ਅਦਾਲਤ ਨੂੰ ਇਹ ਨਜ਼ਰ ਨਹੀਂ ਆਇਆ?’

ਮੇਰਠ (ਗੀਤਾ ਪਾਂਡੇ) 23 ਮਈ 1987 ਨੂੰ ਯੂਪੀ ਦੇ ਮੇਰਠ ਸ਼ਹਿਰ ਦੇ ਬਾਹਰਵਾਰ ਸਥਿਤ ਮਲਿਆਨਾ ਪਿੰਡ ਵਿੱਚ 72 ਮੁਸਲਮਾਨਾਂ ਨੂੰ ਮਾਰ ਦਿੱਤਾ ਗਿਆ ਸੀ। ਇਸ ਕਤਲੇਆਮ ਨੂੰ ਅੰਜਾਮ ਸਥਾਨਕ ਹਿੰਦੂਆਂ ਅਤੇ ਸੂਬੇ ਦੇ ਹਥਿਆਰਬੰਦ ਪੁਲਿਸ ਕਰਮਚਾਰੀਆਂ ਨੇ ਮਿਲਕੇ ਦਿੱਤਾ ਸੀ। ਇਸ ਘਟਨਾ ਨੂੰ ‘ਭਾਰਤੀ ਲੋਕਤੰਤਰ ‘ਤੇ ਧੱਬਾ’ ਕਰਾਰ ਦਿੱਤਾ ਗਿਆ ਸੀ। ਆਲੋਚਕਾਂ ਨੇ ਹੇਠਲੀ ਅਦਾਲਤ ਵੱਲੋਂ ਸ਼ੁੱਕਰਵਾਰ ਨੂੰ ਬਰੀ ਕੀਤੇ ਜਾਣ ਨੂੰ ‘ਨਿਆਂ ਦਾ ਮਜ਼ਾਕ’ ਆਖਿਆ ਹੈ। ਉੱਤਰ ਪ੍ਰਦੇਸ਼ ਦੇ ਡੀਜੀਪੀ ਰਹੇ ਵਿਭੂਤੀ ਨਾਰਾਇਣ ਰਾਏ ਨੇ ਇਸ ਮਾਮਲੇ ‘ਤੇ ਗੱਲ ਕਰਦਿਆਂ ਬੀਬੀਸੀ ਨੂੰ ਕਿਹਾ, “ਇਹ ਮਾਮਲਾ ਪੂਰੀ ਤਰ੍ਹਾਂ ਸੂਬੇ ਦੀ ਅਸਫਲਤਾ ਦਾ ਹੈ।”

“ਇਸ ਦੇ ਸਾਰੇ ਹਿੱਸੇਦਾਰ ਯਾਨੀ ਪੁਲਿਸ, ਸਿਆਸੀ ਲੀਡਰਸ਼ਿਪ, ਪੱਖਪਾਤੀ ਮੀਡੀਆ ਅਤੇ ਹੁਣ ਨਿਆਂਪਾਲਿਕਾ ਵੀ ਪੀੜਤਾਂ ਨੂੰ ਇਨਸਾਫ਼ ਦਿਵਾਉਣ ਵਿੱਚ ਨਾਕਾਮ ਰਹੀ ਹੈ।”

“ਇਸ ਦੇ ਕੁਝ ਪੀੜਤਾਂ, ਵਿਭੂਤੀ ਨਾਰਾਇਣ ਰਾਏ ਅਤੇ ਸੀਨੀਅਰ ਪੱਤਰਕਾਰ ਕੁਰਬਾਨ ਅਲੀ ਸਮੇਤ, ਜਿਨ੍ਹਾਂ ਨੇ ਕਤਲੇਆਮ ਨੂੰ ਵਿਸਥਾਰ ਨਾਲ ਕਵਰ ਕੀਤਾ ਸੀ, ਨੇ 2021 ਵਿੱਚ ਇਲਾਹਾਬਾਦ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ। ਇਨ੍ਹਾਂ ਲੋਕਾਂ ਦੀ ਸ਼ਿਕਾਇਤ ਸੀ ਕਿ ਮਾਮਲੇ ਦੀ ਸੁਣਵਾਈ ਬਹੁਤ ਹੌਲੀ ਚੱਲ ਰਹੀ ਹੈ।”

ਵਿਭੂਤੀ ਨਾਰਾਇਣ ਰਾਏ ਨੇ ਕਿਹਾ, “ਸ਼ੁਰੂ ਤੋਂ ਹੀ ਜਾਂਚ ਵਿੱਚ ਗੜਬੜੀ ਰਹੀ ਹੈ। ਇਹ ਕੇਸ ਸਾਢੇ ਤਿੰਨ ਦਹਾਕਿਆਂ ਤੋਂ ਲਟਕ ਰਿਹਾ ਸੀ। ਇਸ ਲਈ ਅਸੀਂ ਨਵੀਂ ਜਾਂਚ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਅਸੀਂ ਕਤਲੇਆਮ ਦੇ ਪੀੜਤਾਂ ਨੂੰ ਉਚਿਤ ਮੁਕੱਦਮੇ ਅਤੇ ਮੁਆਵਜ਼ੇ ਦੀ ਮੰਗ ਕੀਤੀ ਹੈ।”

ਹਿੰਸਾ ਦੇ ਪੀੜਤਾਂ ਨੇ ਕਿਹਾ ਕਿ ਹਿੰਸਾ ਪ੍ਰੋਵਿੰਸ਼ੀਅਲ ਆਰਮਡ ਕਾਂਸਟੇਬਲਰੀ ਯਾਨੀ ਪੀਏਸੀ ਨੇ ਸ਼ੁਰੂ ਕੀਤੀ ਸੀ। ਇਹ ਪੁਲਿਸ ਫ਼ੋਰਸ ਦਾ ਗਠਨ ਹੌਲਿਆਂ ਅਤੇ ਜਾਤੀ ਅਧਾਰਿਤ ਟਕਰਾਅ ਨਾਲ ਨਜਿੱਠਣ ਲਈ ਕੀਤਾ ਗਿਆ ਸੀ। ਐਮਨੈਸਟੀ ਇੰਟਰਨੈਸ਼ਨਲ ਸਣੇ ਕਈ ਮਨੁੱਖੀ ਅਧਿਕਾਰ ਸੰਗਠਨਾਂ ਨੇ ਮਲਿਆਨਾ ਦੰਗਿਆਂ ਵਿੱਚ ਪੁਲਿਸ ਦੀ ਸ਼ਮੂਲੀਅਤ ਦੇ ਦਸਤਾਵੇਜ਼ੀ ਸਬੂਤ ਦਿੱਤੇ ਸਨ। ਕੁਰਬਾਨ ਅਲੀ ਦਾ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਰਟ ਜੋ ਅਦਾਲਤ ਵਿੱਚ ਪੇਸ਼ ਕੀਤੀ ਗਈ ਸੀ, ਉਸ ਮੁਤਾਬਕ ਘੱਟੋ-ਘੱਟ 36 ਲੋਕਾਂ ਦੇ ਸਰੀਰਾਂ ਵਿੱਚ ਗੋਲੀਆਂ ਦੇ ਨਿਸ਼ਾਨ ਸਨ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਮਲਿਆਨਾ ਪਿੰਡ ਵਿੱਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਕੋਲ ਬੰਦੂਕ ਨਹੀਂ ਸੀ।

ਬੀਬੀਸੀ ਨੇ ਮਲਿਆਨਾ ਕਾਂਡ ਵਿੱਚ ਆਪਣੀ ਕਥਿਤ ਭੂਮਿਕਾ ਬਾਰੇ ਚਰਚਾ ਕਰਨ ਲਈ ਸੰਸਥਾ ਨਾਲ ਸੰਪਰਕ ਕੀਤਾ। ਪਰ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਗੱਲ ਕਰਨ ਦਾ ਅਧਿਕਾਰ ਨਹੀਂ ਹੈ।

ਇਸ ਕਤਲੇਆਮ ਤੋਂ ਬਾਅਦ ਪੁਲਿਸ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਸਿਰਫ਼ 93 ਸਥਾਨਕ ਹਿੰਦੂਆਂ ਨੂੰ ਹੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਸੀ। ਪਰ ਮੁਕੱਦਮੇ ਦੌਰਾਨ 23 ਮੁਲਜ਼ਮਾਂ ਦੀ ਮੌਤ ਹੋ ਗਈ ਅਤੇ 31 ਲੋਕਾਂ ਦਾ ‘ਕੋਈ ਸੁਰਾਗ’ ਨਹੀਂ ਮਿਲ ਸਕਿਆ। ਇੱਕ ਮੁਸਲਮਾਨ ਨੌਜਵਾਨ ਦੀ ਗਲੇ ਵਿੱਚ ਗੋਲੀ ਲੱਗਣ ਨਾਲ ਮੌਤ ਹੋਈ ਸੀ। ਇੱਕ ਪਿਤਾ ਨੂੰ ਤਲਵਾਰ ਨਾਲ ਵੱਢਿਆ ਗਿਆ ਅਤੇ ਪੰਜਾਂ ਸਾਲਾਂ ਦੇ ਇੱਕ ਬੱਚੇ ਨੂੰ ਅੱਗ ਵਿੱਚ ਸੁੱਟ ਦਿੱਤਾ ਗਿਆ ਸੀ। ਪਰ ਹਿੰਸਾ ਦੀਆਂ ਅਜਿਹੀਆਂ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਦੇ ਬਾਵਜੂਦ ਅਦਾਲਤ ਵੱਲੋਂ ਦੋਸ਼ੀਆਂ ਨੂੰ ਬਰੀ ਕਰਨ ਦੇ ਫ਼ੈਸਲੇ ਨੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਐਡਵੋਕੇਟ ਅਹਿਮਦ ਸਿੱਦੀਕੀ ਦੇ ਸਰੀਰ ‘ਤੇ ਦੋ ਗੋਲੀਆਂ ਦੇ ਨਿਸ਼ਾਨ ਹਨ। ਉਹ ਕਹਿੰਦੇ ਹਨ, “ਮਲਿਆਨਾ ਵਿੱਚ ਉਨ੍ਹਾਂ ਦੇ ਭਾਈਚਾਰੇ ਦੇ ਲੋਕਾਂ ਵਿੱਚ ਨਿਰਾਸ਼ਾ ਹੈ।“ਉਨ੍ਹਾਂ ਕਿਹਾ, “ਮੈਂ ਉਨ੍ਹਾਂ ਸਾਰਿਆਂ ਨੂੰ ਜਾਣਦਾ ਹਾਂ ਜੋ ਮਾਰੇ ਗਏ ਸਨ ਅਤੇ ਉਨ੍ਹਾਂ ਨੂੰ ਵੀ ਜਿਨ੍ਹਾਂ ਨੇ ਮਾਰਿਆ ਸੀ।“

ਸਿੱਦੀਕੀ ਦਾ ਕਹਿਣਾ ਹੈ ਕਿ ਜਦੋਂ ਵੀ ਉਹ 23 ਮਈ 1987 ਦੀ ਗੱਲ ਕਰਦੇ ਹਨ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਹਿਣ ਲੱਗਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਦੇ ਪਿੰਡ ਵਿੱਚ ਮੁਸਲਮਾਨਾਂ ਵਿਰੁੱਧ ਅਫ਼ਵਾਹਾਂ ਫੈਲ ਰਹੀਆਂ ਹਨ। ਇੱਥੇ ਦੋ ਭਾਈਚਾਰਿਆਂ ਵਿੱਚ ਦੁਸ਼ਮਣੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਕਹਿੰਦੇ ਹਨ, “ਮੇਰਠ ਵਿੱਚ ਹਾਲਾਤ ਪਿਛਲੇ ਕਈ ਸਾਲਾਂ ਤੋਂ ਤਣਾਅਪੂਰਨ ਰਹੇ ਹਨ ਅਤੇ ਸ਼ਹਿਰ ਵਿੱਚ ਕਈ ਦੰਗੇ ਹੋਏ ਹਨ। ਪਰ ਅਸੀਂ ਕਦੇ ਸੋਚਿਆ ਨਹੀਂ ਸੀ ਕਿ ਸਾਡੇ ਪਿੰਡ ਵਿੱਚ ਹਿੰਸਾ ਹੋਵੇਗੀ।”“ਪਰ ਉਸ ਦਿਨ ਪੀਏਸੀ ਦੇ ਜਵਾਨ ਤਿੰਨ ਗੱਡੀਆਂ ਵਿੱਚ ਆਏ ਅਤੇ ਮੁਸਲਮਾਨਾਂ ਦੇ ਇਲਾਕਿਆਂ ਨੂੰ ਘੇਰ ਲਿਆ। ਸਾਡੇ ਬਾਹਰ ਨਿਕਲਣ ਦੇ ਸਾਰੇ ਰਸਤੇ ਬੰਦ ਸਨ।”“ਕੁਝ ਪੀਏਸੀ ਜਵਾਨ ਹਿੰਦੂਆਂ ਦੇ ਘਰਾਂ ਵਿੱਚ ਵੜ ਗਏ ਅਤੇ ਉਨ੍ਹਾਂ ਦੇ ਘਰਾਂ ਦੀਆਂ ਛੱਤਾਂ ਉੱਤੇ ਪੋਜੀਸ਼ਨ ਲੈ ਲਈ। ਚਾਰੇ ਪਾਸਿਓਂ ਗੋਲੀਆਂ ਚੱਲ ਰਹੀਆਂ ਸਨ।”ਸਿੱਦੀਕੀ ਉਨ੍ਹਾਂ ਕੁਝ ਚਸ਼ਮਦੀਦਾਂ ਵਿੱਚੋਂ ਸੀ ਜਿਨ੍ਹਾਂ ਨੂੰ ਗਵਾਹੀ ਦੇਣ ਲਈ ਬੁਲਾਇਆ ਗਿਆ ਸੀ। ਉਹ ਦੱਸਦੇ ਹਨ, “ਮੈਂ ਇੱਕ ਸਾਲ ਤੱਕ ਗਵਾਹੀ ਦਿੱਤੀ। ਮੈਂ ਪੀਏਸੀ ਦੀ ਭੂਮਿਕਾ ਬਾਰੇ ਦੱਸਿਆ, ਲੋਕਾਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਵੱਲੋਂ ਲਿਆਂਦੇ ਹਥਿਆਰਾਂ ਦੀ ਵੀ ਪਛਾਣ ਕੀਤੀ ਸੀ।”

ਉਹ ਕਹਿੰਦਾ ਹੈ, “ਮੇਰਾ ਮੰਨਣਾ ਹੈ ਕਿ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕਾਫ਼ੀ ਸਬੂਤ ਸਨ। ਸਾਨੂੰ ਦੇਖਣਾ ਹੋਵੇਗਾ ਕਿ ਅਸੀਂ ਕਿੱਥੇ ਗਲਤ ਹੋਏ ਹਾਂ। ਜਦੋਂ ਮਲਿਆਨਾ ਸੜ ਰਿਹਾ ਸੀ ਤਾਂ ਸਾਰੀ ਦੁਨੀਆ ਨੇ ਧੂੰਆਂ ਦੇਖਿਆ। ਅਦਾਲਤ ਨੇ ਇਹ ਕਿਉਂ ਨਹੀਂ ਦੇਖਿਆ?

ਮੁਹੰਮਦ ਇਸਮਾਈਲ ਨੇ ਮਲਿਆਨਾ ਕਤਲੇਆਮ ਵਿੱਚ ਆਪਣੇ ਪਰਿਵਾਰ ਦੇ 11 ਮੈਂਬਰ ਗੁਆ ਦਿੱਤੇ ਸਨ। ਉਨ੍ਹਾਂ ਦੇ ਦਾਦਾ-ਦਾਦੀ, ਮਾਤਾ-ਪਿਤਾ ਅਤੇ ਸੱਤ



ਛੋਟੇ ਭੈਣ-ਭਰਾ ਅਤੇ ਰਿਸ਼ਤੇਦਾਰਾਂ ਵਿੱਚ ਇੱਕ ਭਰਾ ਇਸ ਦਾ ਸ਼ਿਕਾਰ ਹੋ ਗਏ। ਸਭ ਤੋਂ ਬਜ਼ੁਰਗ ਪੀੜਤ ਉਸ ਦੇ ਦਾਦਾ ਜੀ ਸਨ, ਜੋ ਉਦੋਂ 85 ਸਾਲ ਦੇ ਸਨ। ਸਭ ਤੋਂ ਛੋਟੀ ਉਸ ਦੀ ਭੈਣ ਸੀ, ਜੋ ਉਸ ਸਮੇਂ ਗੋਡਿਆਂ ਭਾਰ ਤੁਰਦੀ ਸੀ। ਕਿਉਂਕਿ ਉਹ ਬਾਹਰ ਸਫ਼ਰ ਕਰ ਰਿਹਾ ਸੀ, ਇਸ ਲਈ ਉਸ ਦਾ ਬਚਾਅ ਹੋ ਗਿਆ। ਇਸਮਾਈਲ ਤੱਕ ਇਹ ਖ਼ਬਰ ਇੱਕ ਦਿਨ ਬਾਅਦ ਪਹੁੰਚੀ। ਪਰ ਉਹ ਚਾਰ-ਪੰਜ ਦਿਨਾਂ ਬਾਅਦ ਹੀ ਆਪਣੇ ਪਿੰਡ ਪਹੁੰਚ ਸਕੇ ਕਿਉਂਕਿ ਪੂਰਾ ਮੇਰਠ ਸੀਲ ਸੀ ਅਤੇ ਕਰਫਿਊ ਲੱਗਾ ਹੋਇਆ ਸੀ। ਵਾਪਸੀ ‘ਤੇ ਉਨ੍ਹਾਂ ਨੇ ਜੋ ਦ੍ਰਿਸ਼ ਦੇਖਿਆ, ਉਹ ਅੱਜ ਵੀ ਉਨ੍ਹਾਂ ਨੂੰ ਡਰਾ ਦਿੰਦਾ ਹੈ। ਉਹ ਕਹਿੰਦੇ ਹਨ, “ਸਾਡਾ ਘਰ ਬੁਰੀ ਤਰ੍ਹਾਂ ਸੜ ਗਿਆ ਸੀ। ਕੰਧਾਂ ‘ਤੇ ਖ਼ੂਨ ਦੇ ਛਿੱਟੇ ਸਨ। ਸਾਡੇ ਮੁਸਲਿਮ ਗੁਆਂਢੀ ਜੋ ਬਚ ਗਏ ਸਨ, ਉਹ ਘਰਾਂ ਨੂੰ ਛੱਡਕੇ ਚਲੇ ਗਏ, ਕਿਸੇ ਨੇੜਲੇ ਮਦਰੱਸੇ ਵਿੱਚ ਸ਼ਰਨ ਲੈਣਗੇ। ਮੁਹੰਮਦ ਇਸਮਾਈਲ ਦਾ ਕਹਿਣਾ ਹੈ ਕਿ ਜਦੋਂ ਦੰਗਿਆਂ ਦੌਰਾਨ ਮੇਰਠ ਦੇ ਹੋਰ ਇਲਾਕਿਆਂ ਤੋਂ ਹਿੰਸਾ ਦੀਆਂ ਖ਼ਬਰਾਂ ਆ ਰਹੀਆਂ ਸਨ ਤਾਂ ਉਨ੍ਹਾਂ ਦੇ ਪਰਿਵਾਰ ਨੇ ਇਹ ਨਹੀਂ ਸੋਚਿਆ ਸੀ ਕਿ ਉਹ ਵੀ ਇਸ ਦਾ ਸ਼ਿਕਾਰ ਹੋ ਸਕਦੇ ਹਨ। ਉਹ ਕਹਿੰਦੇ ਹਨ, “ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ, ਇਸ ਲਈ ਸਾਨੂੰ ਬਹੁਤੀ ਚਿੰਤਾ ਵੀ ਨਹੀਂ ਸੀ। ਕੁਰਬਾਨ ਅਲੀ ਨੇ ਮੈਨੂੰ ਦੱਸਿਆ ਕਿ ਕਤਲੇਆਮ ਤੋਂ ਦੋ ਦਿਨ ਬਾਅਦ ਜਦੋਂ ਉਹ ਮਲਿਆਨਾ ਪਿੰਡ ਪਹੁੰਚੇ ਤਾਂ ਦੇਖਿਆ ਕਿ ਸਾਰਾ ਪਿੰਡ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ। ਇੰਝ

(ਬਾਕੀ ਸਫਾ ਬੀ12 ਤੇ)


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



CANRISE IMMIGRATION

www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ

ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

Ranjeet S. Sohi

Registered Canadian Immigration Consultant

ICCRC Membership # R422751

#223-8028 128 St. Surrey BC V3W4E9 (Little India Plaza)

iccrc crcic



UNI GLOBAL IMMIGRATION

Consulting Services Ltd.

Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975

778-323-3141


#12387-75 Avenue Surrey, BC V3W 2S7

E-mail: contactuniglobal@gmail.com

RCIC CRIC


# ਭਾਈ ਅਮ੍ਰਿਤਪਾਲ ਸਿੰਘ ਦੀ ਗੈਰ ਕਨੂੰਨੀ ਗ੍ਰਿਫਤਾਰੀ ਤੇ ਸੁਣਵਾਈ ਮੁਲਤਵੀ

ਚੰਡੀਗੜ੍ਹ:ਅੰਮ੍ਰਿਤਪਾਲ ਸਿੰਘ ਦੀ ਗੈਰ-ਕਾਨੂੰਨੀ ਗ੍ਰਿਫ਼ਤਾਰੀ ਖ਼ਿਲਾਫ਼ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਨੇ ਹਾਈਕੋਰਟ ਵਿੱਚ ਅਰਜ਼ੀ ਦਾਇਰ ਕਰਕੇ ਕੇਂਦਰ ਸਰਕਾਰ ਨੂੰ ਮਾਮਲੇ ਵਿੱਚ ਧਿਰ ਬਣਾਉਣ ਦੀ ਮੰਗ ਕੀਤੀ ਹੈ। ਹਾਈਕੋਰਟ ਨੇ ਇਸ ਪਟੀਸ਼ਨ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਸ ਪਟੀਸ਼ਨ ਵਿੱਚ ਕੇਂਦਰ ਸਰਕਾਰ ਨੂੰ ਧਿਰ ਬਣਾਉਣ ਦੀ ਕੋਈ ਲੋੜ ਨਹੀਂ।ਕੋਰਟ ਨੇ ਕਿਹਾ ਕਿ ਦਾਇਰ ਪਟੀਸ਼ਨ ਦੀ ਕਾਪੀ ਪੰਜਾਬ ਸਰਕਾਰ ਨੂੰ ਵੀ ਨਹੀਂ ਦਿੱਤੀ ਗਈ। ਇਕ ਹੋਰ ਸਵਾਲ ਚੁੱਕਦਿਆਂ ਹਾਈਕੋਰਟ ਨੇ ਕਿਹਾ ਕਿ ਅੱਜ ਹਾਈਕੋਰਟ ਨੂੰ ਤੁਹਾਡੇ ਪੱਖ ਤੋਂ ਜਾਣਕਾਰੀ ਦੇਣੀ ਸੀ ਕਿ ਅੰਮ੍ਰਿਤਪਾਲ ਸਿੰਘ ਕਿੱਥੇ ਹੈ, ਪਰ ਤੁਸੀਂ ਇਹ ਜਾਣਕਾਰੀ ਦੇਣ ਦੀ ਬਜਾਏ ਕੇਂਦਰ ਸਰਕਾਰ ਨੂੰ ਧਿਰ ਬਣਾਉਣ ਲਈ ਅਰਜ਼ੀ ਦੇ ਰਹੇ ਹੋ। ਜਿਸ ਮਗਰੋਂ ਪਟੀਸ਼ਨਰ ਦੇ ਪੱਖ ਤੋਂ ਹੋਰ ਸਮਾਂ ਮੰਗਿਆ ਗਿਆ। ਜਿਸਤੇ ਕੋਰਟ ਨੇ ਸਮਾਂ ਦਿੰਦੇ ਹੋਏ ਹੁਣ ਇਸ ਪਟੀਸ਼ਨ ਨੂੰ ਹੋਰਨਾਂ ਪਟੀਸ਼ਨਾਂ ਦੇ ਨਾਲ-ਨਾਲ 24 ਅਪ੍ਰੈਲ ਨੂੰ ਸੁਣਵਾਈ ਕਰਨ ਦਾ ਹੁਕਮ ਦਿੰਦੇ ਹੋਏ ਸੁਣਵਾਈ ਮੁਲਤਵੀ ਕਰ ਦਿੱਤੀ। ਐਨ. ਐਸ. ਏ. ਦੇਸ਼ ਦੇ ਸਭ ਤੋਂ ਸਖ਼ਤ ਕਾਨੂੰਨਾਂ ਵਿੱਚੋਂ ਇੱਕ ਹੈ। ਜੋ ਕਿ ਅੰਮ੍ਰਿਤਪਾਲ ਅਤੇ ਉਸਦੇ ਕਈ ਸਾਥੀਆਂ 'ਤੇ ਲਗਾਇਆ ਗਿਆ ਹੈ। ਐਨ. ਐਸ. ਏ. ਐਕਟ ਦੇ ਤਹਿਤ ਜੇਕਰ ਕੇਂਦਰ ਜਾਂ ਕਿਸੇ ਸੂਬੇ ਦੀ ਸਰਕਾਰ ਨੂੰ ਲੱਗਦਾ ਹੈ ਕਿ ਕੋਈ ਸ਼ਖ਼ਸ ਦੇਸ਼ ਦੀ ਜਾਂ ਸੂਬੇ ਦੀ ਸਰੱਖਿਆ 'ਤੇ ਅਮਨ ਸ਼ਾਂਤੀ ਲਈ ਖ਼ਤਰਾ ਹੈ,ਤਾਂ ਉਸਨੂੰ ਇਸ ਕਨੂੰਨ ਦੀ ਧਾਰਾ ਤਹਿਤ ਗ੍ਰਿਫਤਾਰ ਕਰਕੇ 12 ਮਹੀਨਿਆਂ ਲਈ ਹਿਰਾਸਤ 'ਚ ਰੱਖਿਆ ਜਾ ਸਕਦਾ ਹੈ। ਦੱਸ ਦਈਏ ਕਿ ਗ੍ਰਿਫਤਾਰ ਸ਼ਖ਼ਸ ਦੀ ਹਿਰਾਸਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ। ਐਕਟ ਤਹਿਤ ਹਿਰਾਸਤ 'ਚ ਰੱਖਣ ਦੇ ਲਈ ਕਿਸੇ ਤਰਾਂ ਦੇ ਆਰੋਪ ਤੈਅ ਕਰਨ ਦੀ ਵੀ ਲੋੜ ਨਹੀਂ ਹੁੰਦੀ। ਇਸ ਐਕਟ ਦੇ ਤਹਿਤ 12 ਮਹੀਨਿਆਂ ਤੱਕ ਰਿਹਾਸਤ ਵਿੱਚ ਰੱਖਿਆ ਜਾ ਸਕਦਾ ਹੈ। ਜੇਕਰ ਸਰਕਾਰ ਮੁਲਜ਼ਮ ਖ਼ਿਲਾਫ਼ ਸਬੂਤ ਪੇਸ਼ ਕਰਦੀ ਹੈ ਤਾਂ ਬਾਅਦ 'ਚ 12 ਮਹੀਨੇ ਦੀ ਹਿਰਾਸਤ ਨੂੰ ਹੋਰ ਵੀ ਵਧਾਇਆ ਜਾ ਸਕਦਾ ਹੈ। ਇਸ ਐਕਟ ਤਹਿਤ ਦੇਸ਼ 'ਚ ਮੌਜੂਦ ਕਿਸੇ ਵਿਦੇਸ਼ੀ ਨੂੰ ਵੀ ਕਾਬੂ ਕੀਤਾ ਜਾ ਸਕਦਾ ਹੈ। ਐਨ. ਐਸ. ਏ. ਦੇ ਤਹਿਤ ਕਿਸੇ ਵਿਅਕਤੀ ਨੂੰ ਉਸ ਦੇ ਖ਼ਿਲਾਫ਼ ਲੱਗੇ ਦੋਸ਼ਾਂ ਦੀ ਜਾਣਕਾਰੀ ਦਿੱਤੇ ਬਿਨ੍ਹਾਂ 10 ਦਿਨਾਂ ਤੱਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ। ਹਿਰਾਸਤ ਦੇ ਖਿਲਾਫ਼ ਕਿਸੇ ਵੀ ਕੋਰਟ 'ਚ ਪਟੀਸ਼ਨ ਦਾਖਲ ਨਹੀਂ ਕੀਤੀ ਜਾ ਸਕਦੀ। ਇੰਦਰਾ ਗਾਂਧੀ ਦੀ ਸਰਕਾਰ ਦੌਰਾਨ ਸਰਕਾਰ ਨੂੰ ਹੋਰ ਤਾਕਤ ਦੇਣ ਲਈ ਐਕਟ ਸਤੰਬਰ 1980 'ਚ ਪਾਸ ਕੀਤਾ ਗਿਆ ਸੀ।




# ਰਵਿਦਾਸ ਭਾਈਚਾਰੇ ਬਾਰੇ ਅਪਸ਼ਬਦ ਬੋਲਣ ਵਾਲੇ ਬਾਜਵਾ ਨੂੰ ਜੇਲ੍ਹ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਪਿਛਲੇ ਸਾਲ 19 ਜੁਲਾਈ ਨੂੰ ਯੂ.ਕੇ. 'ਚ ਰਵਿਦਾਸ ਭਾਈਚਾਰੇ ਅਤੇ ਵਾਲਮੀਕਿ ਭਾਈਚਾਰੇ ਬਾਰੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਰਾਹੀਂ ਅਪਸ਼ਬਦ ਬੋਲਣ ਵਾਲੇ ਅਮਰੀਕ ਸਿੰਘ ਬਾਜਵਾ ਨੂੰ ਸਲੋਹ ਮੈਜਿਸਟਰੇਟ ਅਦਾਲਤ ਨੇ ਦੋਸ਼ੀ ਠਹਿਰਾਉਂਦਿਆਂ 18 ਹਫਤੇ ਕੈਦ ਦੀ ਸਜ਼ਾ ਸੁਣਾਈ ਹੈ।ਇਸ ਤੋਂ ਇਲਾਵਾ ਅਦਾਲਤੀ ਖ਼ਰਚਾ ਤੇ ਜੁਰਮਾਨਾ ਵੀ ਲਗਾਇਆ ਹੈ।ਜ਼ਿਕਰਯੋਗ ਹੈ ਕਿ ਬਾਜਵਾ ਖਿਲਾਫ ਇੰਗਲੈਂਡ ਦੀਆਂ ਰਵਿਦਾਸ ਸਭਾਵਾਂ ਦੀ ਅਗਵਾਈ ਕਰਨ ਵਾਲੀ ਸੰਸਥਾ ਸ੍ਰੀ ਗੁਰੂ ਰਵਿਦਾਸ ਸਭਾ ਯੂ.ਕੇ. ਅਤੇ ਅਬਰੌਡ ਨੇ ਸ਼ਿਕਾਇਤ ਦਰਜ ਕਰਵਾਈ ਸੀ।ਸਮੂਹ ਰਵਿਦਾਸ ਸਭਾਵਾਂ ਨੇ ਆਪੋ ਆਪਣੇ ਸ਼ਹਿਰਾਂ ਵਿਚ ਕੇਸ ਦਰਜ ਕਰਵਾਏ ਸਨ, ਜਿਸ ਤੋਂ ਬਾਅਦ 68 ਸਾਲਾ ਸਲੋਹ ਵਾਸੀ ਅਮਰੀਕ ਸਿੰਘ ਬਾਜਵਾ ਨੂੰ ਜਨਤਕ ਸੰਚਾਰ ਨੈਟਵਰਕ ਅਪਰਾਧ ਅਧੀਨ ਦੋਸ਼ ਲਗਾਉਂਦਿਆਂ ਅਦਾਲਤ ਨੇ 18 ਹਫਤੇ ਕੈਦ ਦੀ ਸਜ਼ਾ ਸੁਣਾਈ ਹੈ।ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਪ੍ਰਧਾਨ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸਕੱਤਰ ਸ਼ਿਵ ਰੱਤੂ ਨੇ ਕਿਹਾ ਕਿ ਅਦਾਲਤ ਵਲੋਂ ਦਿੱਤੇ ਗਏ ਫੈਸਲੇ ਤੋਂ ਭਾਈਚਾਰਾ ਸੰਤੁਸ਼ਟ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਭਾਈਚਾਰੇ ਬਾਰੇ ਅਪਸ਼ਬਦ ਬੋਲਣੇ ਠੀਕ ਨਹੀਂ ਹਨ, ਯੂ.ਕੇ. 'ਚ ਸਭ ਭਾਈਚਾਰਿਆਂ ਦੀ ਗੂੜੀ ਸਾਂਝ ਹੈ।


ਅਮਰੀਕ ਸਿੰਘ ਬਾਜਵਾ

# ਰਾਜਿੰਦਰ ਕੁਮਾਰ ਸਮੇਤ ਦੋ ਨੂੰ 20 ਲੱਖ ਪੌਂਡ ਦੀ ਹੈਰੋਇਨ ਅਤੇ ਕੋਕੀਨ ਮਾਮਲੇ 'ਚ ਕੈਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਰਾਜਿੰਦਰ ਕੁਮਾਰ ਸਮੇਤ 2 ਮਿਲੀਅਨ ਪੌਂਡ ਦੀ ਹੈਰੋਇਨ ਅਤੇ ਕੋਕੀਨ ਤਸਕਰੀ ਮਾਮਲੇ 'ਚ ਦੋ ਲੋਕਾਂ ਨੂੰ ਕੈਦ ਦੀ ਸਜ਼ਾ ਸੁਣਾਈ ਹੈ। ਰਾਸ਼ਟਰੀ ਅਪਰਾਧ ਏਜੰਸੀ ਐਨ ਸੀ ਏ ਅਤੇ ਮੈਟਰੋਪੁਲੀਟਨ ਪੁਲਿਸ ਆਰਗਨਾਈਜ਼ਡ ਕ੍ਰਾਈਮ ਪਾਰਟਨਰਸ਼ਿਪ ਓ ਸੀ ਪੀ ਦੇ ਸਾਂਝੇ ਯਤਨਾ ਸਦਕਾ ਬ੍ਰਮਿੰਘਮ ਵਾਸੀ 31 ਸਾਲਾ ਰਾਜਿੰਦਰ ਕੁਮਾਰ ਅਤੇ ਸਾਊਥਾਲ ਵਾਸੀ 35 ਸਾਲਾ ਅਬੋਲ ਬੋਸ਼ਰ ਨੂੰ ਬੀਤੇ ਵਰ੍ਹੇ 14 ਨਵੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਬੋਸ਼ਰ ਕੋਲੋਂ ਜਰਨੈਲੀ ਸੜਕ ਐਮ 6 ਤੇ ਰੋਕੀ ਇੱਕ ਵੈਨ ਵਿੱਚੋਂ 12 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਸੀ ਜਿਸ ਦੀ ਕੀਮਤ ਲੱਗਭੱਗ 12 ਲੱਖ ਪੌਂਡ ਸੀ, ਜਦ ਕਿ ਉਸ ਦੇ ਸਾਊਥਾਲ ਦੇ ਇੱਕ ਪਤੇ ਤੋਂ 44000 ਪੌਂਡ ਦੀ ਨਕਦੀ ਬਰਾਮਦ ਕੀਤੀ। ਅਦਾਲਤ ਵਿੱਚ ਦੱਸਿਆ ਗਿਆ ਕਿ ਰਾਜਿੰਦਰ ਕੁਮਾਰ ਨੂੰ ਵੈਸਟ ਬ੍ਰਾਮਿਚ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਕੋਲੋਂ 9 ਲੱਖ ਪੌਂਡ ਦੀ ਕੋਕੀਨ ਬਰਾਮਦ ਕੀਤੀ ਗਈ। ਉਕਤ ਮਾਮਲੇ ਵਿੱਚ ਰਾਜਿੰਦਰ ਕੁਮਾਰ ਨੂੰ ਅੱਠ ਸਾਲ ਅਤੇ ਬੋਸ਼ਰ ਨੂੰ ਪੰਜ ਸਾਲ ਚਾਰ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ।


ਰਾਜਿੰਦਰ ਕੁਮਾਰ ਅਤੇ ਅਬੋਲ ਬੋਸ਼ਰ


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases


Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।


Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਸਿੱਖਾਂ ਨੂੰ ਅੱਤਵਾਦੀ ਕਹਿਣਾ ਅਤੇ ਐਨ ਐਸ ਏ ਲਾਉਣਾ ਸੂਬਾ ਤੇ ਕੇਂਦਰ ਸਰਕਾਰ ਦੀ ਘਟੀਆ ਨੀਤੀ:ਭਾਈ ਰਣਜੀਤ ਸਿੰਘ



ਅੰਮ੍ਰਿਤਸਰ-ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਹਥਿਆਰਬੰਦ ਸੰਘਰਸ਼ ‘ਚ 9 ਅਪ੍ਰੈਲ 1991 ਨੂੰ ਸ਼ਹਾਦਤ ਦਾ ਜਾਮ ਪੀਣ ਵਾਲੇ ਖ਼ਾਲਿਸਤਾਨ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਮੁਖੀ ਅਤੇ ਖ਼ਾਲਿਸਤਾਨ ਆਰਮਡ ਫ਼ੋਰਸ ਦੇ ਲੈਫ਼ਟੀਨੈਂਟ ਜਨਰਲ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਉਰਫ਼ ਬਾਬਾ ਨੰਦ ਦਾ 32ਵਾਂ ਸ਼ਹੀਦੀ ਦਿਹਾੜਾ ਖ਼ਾਲਸਾਈ ਸ਼ਾਨੋ ਸ਼ੌਕਤ ਨਾਲ ਗੁ. ਸੁੱਚੇਆਣਾ ਸਾਹਿਬ, ਪਿੰਡ ਤੁਗਲਵਾਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਹਰਪ੍ਰਤਾਪ ਸਿੰਘ ਜਲੰਧਰ ਨੇ ਕਥਾ-ਵਿਚਾਰਾਂ ਰਾਹੀਂ ਅਤੇ ਭਾਈ ਸਰੂਪ ਸਿੰਘ ਕਢਿਆਣਾ ਦੇ ਪੰਥ ਪ੍ਰਸਿੱਧ ਢਾਡੀ ਜੱਥੇ ਵੱਲੋਂ ਜੋਸ਼ੀਲੀਆਂ ਵਾਰਾਂ ਰਾਹੀਂ ਸ਼ਹੀਦ ਪਰਮਜੀਤ ਸਿੰਘ ਤੁਗਲਵਾਲ ਦਾ ਸ਼ਾਨਾਮੱਤਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਭਾਈ ਬਲਵਿੰਦਰ ਸਿੰਘ ਪੱਖੋਕੇ, ਭਾਈ ਭੁਪਿੰਦਰ ਸਿੰਘ ਸੱਜਣ, ਕਰਤਾਰਪੁਰ ਲਾਂਘਾ ਸੰਘਰਸ਼ ਕਮੇਟੀ ਦੇ ਪ੍ਰਧਾਨ ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਭਾਈ ਪਰਮਿੰਦਰ ਸਿੰਘ ਮੁਕੇਰੀਆਂ, ਭਾਈ ਬਖ਼ਤਾਵਰ ਸਿੰਘ ਲਾਧੂਪੁਰ ਅਤੇ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਵੱਲੋਂ ਸਿੱਖ ਸੰਘਰਸ਼ ਸਬੰਧੀ ਵਿਚਾਰਾਂ ਦੀ ਸਾਂਝ ਕੀਤੀ ਗਈ। ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦਾ ਸਾਡੇ ਗੁਰੂਆਂ ਨੇ ਧਰਮ ਬਚਾਇਆ, ਸਿੱਖ ਜਰਨੈਲਾਂ ਨੇ ਬਹੂ-ਬੇਟੀਆ ਮੁਗਲਾਂ-ਅਫ਼ਗਾਨਾਂ ਦੇ ਪੰਜੇ ‘ਚੋਂ ਬਚਾ ਕੇ ਲਿਆਂਦੀਆਂ ਅਤੇ ਦੇਸ਼ ਅਜ਼ਾਦ ਕਰਵਾਉਣ ਲਈ ਹਜ਼ਾਰਾਂ ਕੁਰਬਾਨੀਆਂ ਕੀਤੀਆਂ ਉਹ ਹਿੰਦੂ ਹਾਕਮ ਅਕ੍ਰਿਤਘਣ ਅਤੇ ਅਹਿਸਾਨ ਫ਼ਰਾਮੋਸ਼ ਬਣ ਗਏ ਹਨ ਅਤੇ ਮੁਗਲ ਸਾਮਰਾਜ ਤੇ ਅੰਗਰੇਜ਼ ਸਾਮਰਾਜ ਵਾਂਗ ਹਿੰਦੂ ਸਾਮਰਾਜ ਵੀ ਸਿੱਖਾਂ ‘ਤੇ ਜ਼ੁਲਮ ਢਾਹ ਰਿਹਾ ਹੈ। ਸਿੱਖਾਂ ਨੂੰ ਅੱਤਵਾਦੀ ਕਹਿਣਾ ਅਤੇ ਐਨ ਐਸ ਏ ਲਾਉਣਾ ਸੂਬਾ ਤੇ ਕੇਂਦਰ ਸਰਕਾਰ ਦੀ ਘਟੀਆ ਨੀਤੀ ਹੈ। ਸ੍ਰੀ ਦਰਬਾਰ ਸਾਹਿਬ ‘ਤੇ ਜੂਨ 1984 ‘ਚ ਹਮਲਾ ਕਰਕੇ ਸਰਕਾਰ ਨੇ ਸਾਨੂੰ ਖ਼ਾਲਿਸਤਾਨ ਦੇ ਰਾਹ ਤੋਰਿਆ ਹੈ ਜਿਸ ਦੀ ਅਜ਼ਾਦੀ ਵਾਸਤੇ ਸਿੱਖ ਸੰਘਰਸ਼ਸ਼ੀਲ ਅਤੇ ਯਤਨਸ਼ੀਲ ਹਨ। ਸਮਾਗਮ ਦੀ ਸਮਾਪਤੀ ‘ਤੇ ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸਮੁੱਚੀਆਂ ਪੰਥਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਤੁਗਲਵਾਲ ਦੀ ਸਿੰਘਣੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਅਤੇ ਸਪੁੱਤਰੀ ਪਰਮਬੀਰ ਕੌਰ ਨੂੰ ਸਿਰੋਪੇ ਅਤੇ ਸ਼ੀਲਡ ਦੇ ਕੇ ਖ਼ਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਸਨਮਾਨਤ ਕੀਤਾ ਗਿਆ ਤੇ ਹੋਰ ਵੀ ਅਨੇਕਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਆ ਗਿਆ। ਇਸ ਮੌਕੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਾਈ ਅਰਵਿੰਦਰ ਸਿੰਘ ਪਾਹੜਾ, ਜਸਵੰਤ ਸਿੰਘ ਧਰਮੀ ਫ਼ੌਜੀ, ਬਖ਼ਸ਼ੀਸ਼ ਸਿੰਘ ਧਰਮੀ ਫ਼ੌਜੀ, ਬਲਬੀਰ ਸਿੰਘ ਕਠਿਆਲੀ, ਹਰਪਾਲ ਸਿੰਘ ਖ਼ਾਲਿਸਤਾਨੀ, ਦਲਬੀਰ ਸਿੰਘ ਬਾਠ, ਸਰਬਜੀਤ ਸਿੰਘ ਧਰਮਕੋਟ, ਪਰਮਿੰਦਰ ਸਿੰਘ ਬਸਰਾ, ਪ੍ਰਿੰਸੀਪਲ ਧਿਆਨ ਸਿੰਘ, ਜਗਜੀਤ ਸਿੰਘ ਰੰਧਾਵਾ, ਨਵਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਪ੍ਰਗਟ ਸਿੰਘ, ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

## ਪਾਕਿਸਤਾਨ ਨਾਲੋਂ ਭਾਰਤ ਦੇ ਮੁਸਲਮਾਨ ਜ਼ਿਆਦਾ ਖੁਸ਼ ਹਨ:ਸੀਤਾਰਮਨ

ਵਾਸ਼ਿੰਗਟਨ (ਯੂ. ਐਨ.ਆਈ.)-ਮੁਸਲਮਾਨਾਂ ’ਤੇ ਨਿਰਮਲਾ ਸੀਤਾਰਮਨ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਭਾਰਤ ਪ੍ਰਤੀ ’ਨਕਾਰਾਤਮਕ ਪੱਛਮੀ ਧਾਰਨਾ’ ’ਤੇ ਹਮਲਾ ਕੀਤਾ। ਵਾਸ਼ਿੰਗਟਨ ਵਿੱਚ ਇੱਕ ਸਮਾਗਮ ਵਿੱਚ ਬੋਲਦਿਆਂ ਵਿੱਤ ਮੰਤਰੀ ਨੇ ਭਾਰਤ ਦੇ ਮੁਸਲਮਾਨਾਂ ਦੀ ਹਾਲਤ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਦੀ ਦੁਹਾਈ ਦੇਣ ਵਾਲੇ ਪਾਕਿਸਤਾਨ ਨਾਲੋਂ ਭਾਰਤ ਵਿੱਚ ਮੁਸਲਮਾਨ ਖੁਸ਼ ਅਤੇ ਸੁਰੱਖਿਅਤ ਹਨ।ਪੀਟਰਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਇਕਨਾਮਿਕਸ ਈਵੈਂਟ ’ਚ ਬੋਲਦਿਆਂ ਸੀਤਾਰਮਨ ਨੇ ਕਿਹਾ ਕਿ ਭਾਰਤ ’ਚ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਮੁਸਲਿਮ ਆਬਾਦੀ ਹੈ ਅਤੇ ਇਹ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। ਸੀਤਾਰਮਨ ਨੇ ਕਿਹਾ ਕਿ ਪੱਛਮੀ ਮੀਡੀਆ ’ਚ ਕਿਹਾ ਜਾ ਰਿਹਾ ਹੈ ਕਿ ਭਾਰਤ ’ਚ ਸਰਕਾਰ ਦੇ ਸਮਰਥਨ ਨਾਲ ਮੁਸਲਮਾਨਾਂ ਦਾ ਜੀਵਨ ਮੁਸ਼ਕਿਲ ਕੀਤਾ ਜਾਂਦਾ ਹੈ ਪਰ ਇਹ ਸਭ ਬੇਬੁਨਿਆਦ ਹੈ। ਵਿੱਤ ਮੰਤਰੀ ਨੇ ਕਿਹਾ ਕਿ ਜੇਕਰ ਅਜਿਹਾ ਹੁੰਦਾ ਤਾਂ ਭਾਰਤ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਮੁਸਲਿਮ ਆਬਾਦੀ ਵਾਲਾ ਦੇਸ਼ ਕਿਵੇਂ ਹੁੰਦਾ। ਜਦੋਂਭਾਰਤ ਦੀਆਂ ਮੁਸਲਿਮ ਘੱਟ ਗਿਣਤੀਆਂ ਵਿਰੁੱਧ ਹਿੰਸਾ ਦੀਆਂ ਰਿਪੋਰਟਾਂ ਬਾਰੇ ਪੁੱਛਿਆ ਗਿਆ, ਤਾਂ ਸੀਤਾਰਮਨ ਨੇ ਤਿੱਖਾ ਜਵਾਬ ਦਿੱਤਾ। ਵਿੱਤ ਮੰਤਰੀ ਨੇ ਕਿਹਾ ਕਿ 1947 ’ਚ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਦੇ ਉਲਟ ਭਾਰਤ ’ਚ ਮੁਸਲਿਮ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। ਇਹ ਸਿਰਫ ਇਸ ਲਈ ਹੈ ਕਿਉਂਕਿ ਭਾਰਤ ਵਿੱਚ ਹਰ ਕਿਸਮ ਦਾ ਮੁਸਲਮਾਨ ਆਪਣਾ ਕਾਰੋਬਾਰ ਕਰ ਰਿਹਾ ਹੈ, ਉਸਦੇ ਬੱਚਿਆਂ ਨੂੰ ਸਿੱਖਿਆ ਦਿੱਤੀ ਜਾ ਰਹੀ ਹੈ, ਫੈਲੋਸ਼ਿਪ ਦਿੱਤੀ ਜਾ ਰਹੀ ਹੈ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



TMG LOGISTICS INC.

Need Owner Operators

NOW HIRING

*Vancouver to California *California to Alberta Back Vancouver

*Vancouver to East USA Return

Good Paying Loads



Need Company Drivers

*Single Driver Pay 52cents/mile*

*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਵੈਨਕੂਵਰ ਵਿਚ ਡਾ. ਅੰਬੇਦਕਰ ਇੰਟਰਨੈਸ਼ਨਲ ਸਿੰਪੋਜੀਅਮ 21 ਤੋਂ 26 ਅਪ੍ਰੈਲ ਤੱਕ
## ਅੰਬੇਦਕਰ ਇੰਟਰਨੈਸ਼ਨਲ ਸੁਸਾਇਟੀ ਤੇ ਚੇਤਨਾ ਐਸੋਸੀਏਸ਼ਨ ਦਾ ਸਾਂਝਾ ਉੱਦਮ



ਸਰੀ:ਅੰਬੇਦਕਰ ਇੰਟਰਨੈਸ਼ਨਲ ਕੋਆਰਡੀਨੇਸ਼ਨ ਸੁਸਾਇਟੀ ਆਫ ਕੈਨੇਡਾ ਅਤੇ ਚੇਤਨਾ ਐਸੋਸੀਏਸ਼ਨ ਆਫ ਕੈਨੇਡਾ ਵਲੋਂ ਸਾਂਝੇ ਉਦਮ ਨਾਲ ਜਾਤੀਵਾਦੀ ਗੁਲਾਮੀ ਤੋ ਛੁਟਕਾਰਾ ਅਤੇ ਬਰਾਬਰਤਾ ਦਿਵਸ ਨੂੰ ਸਮਰਪਿਤ ਡਾ ਅੰਬੇਦਕਰ ਇੰਟਰਨੈਸ਼ਨਲ ਸਿੰਪੋਜੀਅਮ 21 ਤੋਂ 26 ਅਪ੍ਰੈਲ ਤੱਕ ਵੈਨਕੂਵਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੰਪੋਜੀਅਮ ਦੇ ਪ੍ਰਬੰਧਕਾਂ ਪਰਮ ਕੈਂਥ, ਆਨੰਦ ਬਾਲੀ, ਹਰਜਿੰਦਰ ਮੱਲ, ਸੁਰਜੀਤ ਬੈਂਸ, ਜੈ ਬਿਰਦੀ ਤੇ ਹਰਮੇਸ਼ ਚੰਦਰ ਵਲੋਂ ਦਿੱਤੀ ਗਈ।

ਉਹਨਾਂ ਦੱਸਿਆ ਕਿ ਹਫਤਾ ਭਰ ਚੱਲਣ ਵਾਲੇ ਇਸ ਸਿੰਪੋਜੀਅਮ ਵਿਚ ਲਗਪਗ 100 ਤੋ ਉਪਰ ਡੈਲੀਗੇਟਸ ਭਾਰਤ, ਯੂਕੇ, ਫਰਾਂਸ, ਮਿਡਲ ਈਸਟ ਅਤੇ ਅਮਰੀਕਾ, ਕੈਨੇਡਾ ਤੋਂ ਸ਼ਾਮਿਲ ਹੋਣ ਦੀ ਉਮੀਦ ਹੈ ਜੋ ਜਾਤੀਵਾਦੀ ਸਿਸਟਮ ਤੋ ਛੁਟਕਾਰਾ ਤੇ ਮਾਨਵੀ ਬਰਾਬਰੀ ਲਈ ਸਮਾਜਿਕ, ਸਿਆਸੀ ਤੇ ਆਰਥਿਕ ਮੁੱਦਿਆਂ ਤਹਿਤ ਗਹਿਨ ਵਿਚਾਰਾਂ ਕਰਨਗੇ।

ਸਿੰਪੋਜੀਅਮ ਦੀ ਸਟੀਰਿੰਗ ਕਮੇਟੀ ਦੇ ਮੈਂਬਰ ਜੈ ਬਿਰਦੀ ਤੇ ਪਰਮ ਕੈਂਥ ਨੇ ਦੱਸਿਆ ਕਿ ਇਹ ਪ੍ਰੋਗਰਾਮ ਬੀ ਸੀ ਦੀਆਂ ਨਾਮਵਰ ਵਿਦਿਅਕ ਸੰਸਥਾਵਾਂ ਤੇ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਿੰਪੋਜੀਅਮ ਦੀ ਸ਼ੁਰੂਆਤ 21 ਅਪ੍ਰੈਲ ਨੂੰ ਯੂ ਬੀ ਸੀ ਦੇ ਏਸ਼ੀਅਨ ਸੈਂਟਰ ਵਿਖੇ ਦੁਪਹਿਰ 2 ਵਜੇ ਹੋਵੇਗੀ। ਦੂਸਰਾ ਸੈਸ਼ਨ 22 ਅਪ੍ਰੈਲ ਨੂੰ ਯੂ ਬੀ ਸੀ ਦੇ ਸੌਦਰ ਬਿਜਨੈਸ ਸਕੂਲ ਦੇ ਕਮਰਾ ਨੰਬਰ 492 ਵਿਚ ਹੋਵੇਗਾ। ਸਵੇਰੇ 8 ਵਜੇ ਸੁਰੂ ਹੋਣ ਵਾਲਾ ਇਹ ਸੈਸ਼ਨ ਜਾਤੀਵਾਦ ਦਾ ਸ਼ਿਕਾਰ ਹੋਣ ਵਾਲੀ ਡਾ ਪਾਂਪੋਸ਼ ਤੇ ਹੋਰਾਂ ਨੂੰ ਸਮਰਿਪਤ ਹੋਵੇਗਾ ਤੇ ਕੈਨੇਡੀਅਨ ਸੰਸਥਾਵਾਂ ਵਿਚ ਜਾਤੀਵਾਦ ਦੀ ਹੋਂਦ ਬਾਰੇ ਚਰਚਾ ਦੇ ਨਾਲ ਇਸਤੋ ਛੁਟਕਾਰੇ ਤੇ ਉਪਾਵਾਂ ਬਾਰੇ ਗੱਲਬਾਤ ਹੋਵੇਗੀ। 23 ਅਪ੍ਰੈਲ ਨੂੰ ਡੈਲੀਗੇਟਸ ਨੂੰ ਗੁਰੂ ਰਵਿਦਾਸ ਸਭਾ ਬਰਨਬੀ ਦੀ ਯਾਤਰਾ ਕਰਵਾਈ ਜਾਵੇਗੀ ਤੇ ਸ਼ਾਮ ਨੂੰ ਫਰੇਜਰਵਿਊ ਬੈਂਕੁਇਟ ਹਾਲ ਵੈਨਕੂਵਰ ਵਿਖੇ ਡਾ ਅੰਬੇਦਕਰ ਦੀ ਜਨਮ ਵਰੇਗੰਢ ਨੂੰ ਸਮਰਪਿਤ ਰਿਸ਼ੈਪਸ਼ਨ ਪਾਰਟੀ ਆਯੋਜਿਤ ਕੀਤੀ ਜਾਵੇਗੀ। 24 ਅਪ੍ਰੈਲ ਨੂੰ ਐਸ ਐਫ ਯੂ ਬਰਨਬੀ ਵਿਖੇ ਪ੍ਰੋਗਰਾਮ ਦੌਰਾਨ ਸਿਮਰਨ ਕ੍ਰਾਂਤੀ ਵਲੋਂ ਥੀਏਟਰ ਪਰਫਾਰਮੈਂਸ ਵਿਸ਼ੇਸ਼ ਹੋਵੇਗੀ। 25 ਅਪ੍ਰੈਲ ਨੂੰ ਯੂਨੀਵਰਸਿਟੀ ਆਫ ਵਿਕਟੋਰੀਆ ਵਿਖੇ ਬਰਾਬਰਤਾ ਦਿਵਸ ਮਨਾਇਆ ਜਾਵੇਗਾ ਤੇ ਡੈਲੀਗੇਟਸ ਨੂੰ ਲੈਜਿਸਲੇਚਰ ਬਿਲਡਿੰਗ ਦਾ ਦੌਰਾ ਕਰਵਾਇਆ ਜਾਵੇਗਾ ਜਿਥੇ ਸਪੀਕਰ ਰਾਜ ਚੌਹਾਨ ਨਾਲ ਵਿਸ਼ੇਸ਼ ਮਿਲਣੀ ਹੋਵੇਗੀ। 26 ਅਪ੍ਰੈਲ ਨੂੰ ਯੂ ਐਫ ਵੀ ਐਬਟਸਫੋਰਡ ਵਿਖੇ ਵਿਚਾਰ ਚਰਚਾ ਹੋਵੇਗੀ।ਇਸ ਮੌਕੇ ਬੋਲਦਿਆਂ ਜੈ ਬਿਰਦੀ ਨੇ ਕਿਹਾ ਕਿ ਕੋਈ ਇਹ ਹੈਰਾਨੀ ਪ੍ਰਗਟ ਕਰ ਸਕਦਾ ਹੈ ਕਿ ਡਾ ਅੰਬੇਦਰ ਇੰਟਰਨੈਸ਼ਨਲ ਸਿੰਪੋਜੀਅਮ ਵੈਨਕੂਵਰ ਵਿਚ ਕਿਉਂ ਕਰਵਾਇਆ ਜਾ ਰਿਹਾ ਹੈ। ਇਸਦਾ ਜਵਾਬ ਇਹ ਹੈ ਕਿ ਇਥੇ ਸਾਊਥ ਏਸ਼ੀਅਨ ਦੀ ਭਰਵੀ ਆਬਾਦੀ ਹੈ ਤੇ ਇਥੇ ਜਾਤੀਵਾਦੀ ਅਲਾਮਤਾਂ ਨਾਲ ਸਬੰਧਿਤ ਭੇਦਭਾਵ ਦੀਆਂ ਸ਼ਿਕਾਇਤਾਂ ਵੀ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਜਾਤੀਵਾਦੀ ਵਿਤਕਰੇ, ਅਲਾਮਤਾਂ ਨੂੰ ਸਮਝਣਾ ਤੇ ਉਸਦੇ ਖਿਲਾਫ ਆਵਾਜ ਬੁਲੰਦ ਕਰਨੀ ਤੇ ਸਮਾਜਿਕ ਬਰਾਬਰੀ ਦੀ ਕਾਇਮੀ ਲਈ ਵਿਚਾਰ ਚਰਚਾ ਜਰੂਰੀ ਵੀ ਹੈ ਤੇ ਸਮਾਜ ਤੱਕ ਇਹ ਗੱਲ ਪਹੁੰਚਾਉਣਾ ਵੀ ਜ਼ਰੂਰੀ ਹੈ। ਉਹਨਾਂ ਹੋਰ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਕੈਨੇਡਾ ਵਿਚ ਅਜਿਹਾ ਪ੍ਰਾਂਤ ਹੈ ਜਿਥੇ ਸਮਾਜਿਕ ਬਰਾਬਰੀ ਲਈ ਬਹੁਤ ਕੰਮ ਕੀਤਾ ਜਾ ਚੁੱਕਾ ਹੈ ਤੇ ਇਸ ਮਕਸਦ ਦੀ ਪੂਰਤੀ ਲਈ ਮੀਡੀਆ, ਅਕਾਦਮਿਕ ਤੇ ਸਮਾਜਿਕ ਸੰਸਥਾਵਾਂ ਚੰਗਾ ਸਹਿਯੋਗ ਕਰਦੀਆਂ ਆ ਰਹੀਆਂ ਹਨ। ਸਿਟੀ ਆਫ ਬਰਨਬੀ ਪਹਿਲਾ ਅਜਿਹਾ ਸ਼ਹਿਰ ਹੈ ਜਿਥੇ 14 ਅਪ੍ਰੈਲ ਨੂੰ ਡਾ ਅੰਬੇਦਕਰ ਬਰਾਬਰਤਾ ਦਿਵਸ ਵਜੋਂ ਐਲਾਨਿਆ ਗਿਆ ਹੈ। ਇਸ ਤਰਾਂ ਬੀ ਸੀ ਸਰਕਾਰ ਵਲੋਂ ਵੀ ਅਪ੍ਰੈਲ ਮਹੀਨੇ ਨੂੰ ਦਲਿਤ ਹਿਸਟਰੀ ਮੰਥ ਵਜੋਂ ਐਲਾਨਿਆ ਗਿਆ ਹੈ।

ਬੀ ਸੀ ਹਿਊਮੈਨ ਰਾਈਟਸ ਟ੍ਰਿਬਿਊਨਲ ਨੇ ਵੀ ਜਾਤੀਵਾਦੀ ਵਿਤਕਰੇ ਦੀਆਂ ਸ਼ਿਕਾਇਤਾਂ ਖਿਲਾਫ ਉਚਿਤ ਕਾਰਵਾਈ ਕੀਤੀ ਹੈ ਤੇ ਕਈ ਕੇਸਾਂ ਵਿਚ ਦੋਸ਼ੀਆਂ ਨੂੰ ਭਾਰੀ ਜੁਰਮਾਨੇ ਵੀ ਕੀਤੇ ਗਏ ਹਨ।ਉਹਨਾਂ ਇਸ ਸਿੰਪੋਜੀਅਮ ਵਿਚ ਸਹਿਯੋਗ ਲਈ ਹੋਰ ਵਿਦਿਅਕ ਤੇ ਸਮਾਜਿਕ ਸੰਸਥਾਵਾਂ ਦੇ ਨਾਲ ਗੁਰੂ ਰਵਿਦਾਸ ਸਭਾ ਵੈਨਕੂਵਰ, ਗੁਰੂ ਰਵਿਦਾਸ ਸੁਸਾਇਟੀ ਆਫ ਕੈਲਗਰੀ, ਡਾ ਅੰਬੇਦਕਰ ਇੰਟਰਨੈਸ਼ਨਲ ਮਿਸ਼ਨ ਆਫ ਕੈਲਗਰੀ ਤੇ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਵੈਸਟਰਨ ਕੈਨੇਡਾ ਦਾ ਖਾਸ ਧੰਨਵਾਦ ਕੀਤਾ।

ਸਿੰਪੋਜੀਅਮ ਵਧੇਰੇ ਜਾਣਕਾਰੀ ਲਈ ਮੀਡੀਆ ਕੋਆਰਡੀਨੇਟਰ ਰਤਨ ਪਾਲ ਨਾਲ ਫੋਨ ਨੰਬਰ 778-772-2101 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਸਾਖੀ ਤੋਂ ਪਹਿਲਾਂ ਕੰਧਾਂ ਤੇ ਖਾਲਿਸਤਾਨੀ ਨਆਰੇ

ਬਠਿੰਡਾ:ਇੱਕ ਪਾਸੇ ਜਿੱਥੇ ਪੰਜਾਬ ਪੁਲਿਸ ਵੱਲੋਂ ਸੁਰੱਖਿਆ ਦੇ ਪਖਤਾ ਪ੍ਰਬੰਧ ਕੀਤੇ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ ਉੱਥੇ ਹੀ ਦੂਜੇ ਪਾਸੇ ਤਲਵੰਡੀ ਸਾਬੋ ਵਿੱਚ ਇਨ੍ਹਾਂ ਦੇ ਦਾਅਵਿਆਂ ਦੀ ਪੋਲ ਉਸ ਸਮੇਂ ਖੱਲ੍ਹ ਗਈ ਜਦੋਂ ਇੱਥੇ ਵਿਸਾਖੀ ਤੋਂ ਪਹਿਲਾ ਖਾਲਿਸਤਾਨੀ ਨਾਅਰੇ ਲਿਖੇ ਮਿਲੇ। ਮਿਲੀ ਜਾਣਕਾਰੀ ਮਤਾਬਿਕ ਇਤਿਹਾਸਕ ਨਗਰ ਤਲਵੰਡੀ ਸਾਬੋ ਵਿਖੇ ਵਿਸਾਖੀ ਤੋਂ ਪਹਿਲਾ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀਆਂ ਕੰਧਾਂ ’ਤੇ ਖਾਲਿਸਤਾਨ ਜ਼ਿੰਦਾਬਾਦ ਲਿਖਿਆ ਗਿਆ ਹੈ।ਫਿਲਹਾਲ ਮੌਕੇ ’ਤੇ ਪਹੁੰਚੀ ਪੁਲਿਸ ਵੱਲੋਂ ਨਾਅਰਿਆਂ ਨੂੰ ਸਾਫ ਕਰਵਾ ਦਿੱਤਾ ਗਿਆ ਹੈ।ਦੱਸ ਦਈਏ ਕਿ ਵਿਸਾਖੀ ਮੌਕੇ ਪੁਲਿਸ ਪ੍ਰਸ਼ਾਸਨ ਵੱਲੋਂ ਹਜ਼ਾਰਾਂ ਦੀ ਗਿਣਤੀ ’ਚ ਪੁਲਿਸ ਦੀ ਟੀਮਾਂ ਨੂੰ ਤੈਨਾਤ ਕੀਤਾ ਗਿਆ ਹੈ।ਉੱਥੇ ਹੀ ਦੂਜੇ ਪਾਸੇ ਕਾਲਜ ਦੀਆਂ ਕੰਧਾਂ ਅਤੇ ਬੋਰਡ ’ਤੇ ਖ਼ਾਲਿਸਤਾਨੀ ਸਬੰਧੀ ਨਾਅਰੇ ਲਿਖੇ ਮਿਲਣਾ ਕਈ ਸਵਾਲ ਖੜੇ ਕਰ ਰਿਹਾ ਹੈ।






# ਬਾਦਲ ਦਲ ਨੂੰ ਲੱਗਿਆ ਵੱਡਾ ਖੋਰਾ

# ਇੰਦਰ ਇਕਬਾਲ ਸਿੰਘ ਅਟਵਾਲ, ਜਸਜੀਤ ਸਿੰਘ ਅਟਵਾਲ ਨੇ ਫੜਿਆ ਭਾਜਪਾ ਦਾ ਪੱਲਾ



ਅੰਮ੍ਰਿਤਸਰ, (ਅਰਵਿੰਦਰ ਵੜੈਚ)- ਪੰਜਾਬ ਵਿਚ ਭਾਜਪਾ ਦੇ ਵੱਧਦੇ ਗ੍ਰਾਫ ਨੂੰ ਦੇਖਦੇ ਹੋਏ ਆਏ ਦਿਨੀਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਲੋਕ ਭਾਜਪਾ ਦੇ ਬੇੜੇ ਵਿੱਚ ਸਵਾਰ ਹੋ ਰਹੇ ਹਨ। ਭਾਜਪਾ ਦੀਆਂ ਲੋਕ ਹਿਤੈਸ਼ੀ ਨੀਤੀਆਂ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਚਰਨਜੀਤ ਸਿੰਘ ਅਟਵਾਲ ਦੇ ਸਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਅਤੇ ਜਸਜੀਤ ਸਿੰਘ ਅਟਵਾਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਭਾਜਪਾ ਦਾ ਦਾਇਰਾ ਹੋਰ ਜ਼ਿਆਦਾ ਵਿਸ਼ਾਲ ਹੋਵੇਗਾ। ਇਹਨਾਂ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ ਤੇ ਭਾਜਪਾ ਰਾਸ਼ਟਰੀ ਦੇ ਮਹਾ ਮੰਤਰੀ ਤਰੁਣ ਚੁੱਗ,ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ,ਵਿਜੈ ਰੁਪਾਨੀ,ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਸਮੇਤ ਭਾਜਪਾ ਦੇ ਹੋਰ ਸੀਨੀਅਰ ਨੇਤਾਵਾਂ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਨੇਤਾਵਾਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਉਕਤ ਭਾਜਪਾ ਨੇਤਾਵਾਂ ਨੇ ਕਿਹਾ ਕਿ ਵਿਸ਼ਵ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਭਾਰਤੀ ਜਨਤਾ ਪਾਰਟੀ ਦੇ ਪ੍ਰਤੀ ਦਿਨ-ਬ-ਦਿਨ ਲੋਕਾਂ ਦਾ ਉਤਸ਼ਾਹ ਵੱਧਦਾ ਜਾ ਰਿਹਾ ਹੈ। ਦੂਸਰੀਆਂ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ ਤੇ ਉਹਨਾਂ ਦਾ ਪੂਰਾ ਬਣਦਾ ਮਾਣ ਸਤਿਕਾਰ ਮਿਲਦਾ ਹੈ।

# ਭਾਈ ਪਪਲਪ੍ਰੀਤ ਸਿੰਘ ਗ੍ਰਿਫ਼ਤਾਰ



ਚੰਡੀਗੜ੍ਹ;-ਖ਼ਾਲਿਸਤਾਨੀ ਸਮਰਥਕ ਅੰਮ੍ਰਿਤਪਾਲ ਸਿੰਘ ਦੇ ਸਹਿਯੋਗੀ ਪਪਲਪ੍ਰੀਤ ਸਿੰਘ ਨੂੰ ਪੰਜਾਬ ਪੁਲੀਸ ਅਤੇ ਉਸ ਦੀ ਕਾਊਂਟਰ ਇੰਟੈਲੀਜੈਂਸ ਯੂਨਿਟ ਨੇ ਗ੍ਰਿਫ਼ਤਾਰ ਕਰ ਲਿਆ। ਆਈਜੀ ਸੁਖਚੈਨ ਸਿੰਘ ਗਿੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਪਲਪ੍ਰੀਤ ਸਿੰਘ ਨੂੰ ਅੰਮ੍ਰਿਤਸਰ ਦੇ ਕੱਥੂਨੰਗਲ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਪਲਪ੍ਰੀਤ ਸਿੰਘ ਨੂੰ ਐੱਨਐੱਸਏ ਤੇ 6 ਹੋਰ ਮਾਮਲਿਆਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਉਧਰ, ਪਪਲਪ੍ਰੀਤ ਸਿੰਘ ਦੇ ਪਰਿਵਾਰ ਨੇ ਉਸ ਖ਼ਿਲਾਫ਼ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਕੇਸ ਦਰਜ ਕੀਤੇ ਜਾਣ ’ਤੇ ਇਤਰਾਜ਼ ਜਤਾਇਆ ਹੈ। ਇੱਥੇ ਪਪਲਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਸਮਾਜਿਕ ਗਤੀਵਿਧੀਆਂ ਵਿਚ ਵਧੇਰੇ ਸਰਗਰਮ ਸੀ ਅਤੇ ਅੰਮ੍ਰਿਤਪਾਲ ਲਈ ਉਸ ਨੇ ਸਿਰਫ਼ ਮੀਡੀਆ ਇੰਟਰਵਿਊ ਦਾ ਪ੍ਰਬੰਧ ਕੀਤਾ ਸੀ।ਪਪਲਪ੍ਰੀਤ ਸਿੰਘ ਦੀ ਗ੍ਰਿਫ਼ਤਾਰੀ ਤੋਂ ਉਨ੍ਹਾਂ ਦੀ ਮਾਤਾ ਮਨਧੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਟੀਵੀ ਚੈਨਲ ਤੋਂ ਪਤਾ ਲੱਗਾ ਹੈ ਕਿ ਉਹ ਗ੍ਰਿਫ਼ਤਾਰ ਹੋ ਗਿਆ ਹੈ।ਉਨ੍ਹਾਂ ਨੇ ਅੱਗੇ ਕਿਹਾ, “ਉਸ ਨੂੰ ਘਰ ਆਏ ਨੂੰ ਕਰੀਬ ਮਹੀਨਾ ਹੀ ਹੋ ਚੱਲਿਆ ਹੈ। ਜਦੋਂ ਪੁਲਿਸ ਨੇ ਅਜਨਾਲੇ ਵਾਲਾ ਕੇਸ ਪਾ ਦਿੱਤਾ ਸੀ ਤਾਂ ਉਸੇ ਦਿਨ ਤੋਂ ਹੀ ਸਾਡੇ ਘਰ ਪੁਲਿਸ ਆਉਣੀ ਸ਼ੁਰੂ ਹੋ ਗਈ। ਉਸ ਤੋਂ ਬਾਅਦ ਉਹ ਇੱਕ-ਅੱਧੀ ਵਾਰ ਹੀ ਘਰ ਆਇਆ।“ ”ਆਖ਼ਰੀ ਗੱਲ ਕੋਈ 18 ਤਰੀਕ ਨੂੰ ਹੋਈ ਸੀ। ਉਸ ਤੋਂ ਬਾਅਦ ਕਾਰਵਾਈ ਸ਼ੁਰੂ ਹੋ ਗਈ ਤੇ ਉਸ ਤੋਂ ਬਾਅਦ ਕੋਈ ਗੱਲ ਨਹੀਂ ਹੋਈ।“ਮਨਧੀਰ ਕੌਰ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ, “ਸਾਨੂੰ ਪਤਾ ਸਾਡੇ ਬੱਚੇ ਵਿੱਚ ਕੋਈ ਕਸੂਰ ਨਹੀਂ, ਨਾ ਉਹ ਗ਼ਲਤ ਹੈ ਅਤੇ ਨਾ ਹੀ ਉਨ੍ਹਾਂ ਨੇ ਹਥਿਆਰ ਚੁੱਕਿਆ ਹੈ।“ ”ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ ਤੇ ਨਾ ਹੀ ਕੋਈ ਤਸ਼ੱਦਦ ਹੋਣਾ ਚਾਹੀਦਾ ਹੈ। ਜੇ ਕੋਈ ਤਸ਼ੱਦਦ ਹੁੰਦਾ ਹੈ ਤਾਂ ਸਰਕਾਰ ਆਪ ਜ਼ਿੰਮੇਵਾਰ ਹੋਵੇਗੀ।“ਵਾਰਿਸ ਪੰਜਾਬ ਦੇ ਜਥੇਬੰਦੀ ਵਿੱਚ ਪਪਲਪ੍ਰੀਤ ਸਿੰਘ ਦੇ ਕੰਮ ਬਾਰੇ ਬੋਲਦਿਆਂ ਉਨ੍ਹਾਂ ਨੇ ਕਿਹਾ, “ਉਹ ਇਹ ਸਲਾਹ ਦਿੰਦਾ ਸੀ ਕਿ ਕਿਸ ਨਾਲ ਇੰਟਰਵਿਊ ਕਰਨੀ ਹੈ ਤੇ ਕਿਸ ਨਾਲ ਨਹੀਂ ਕਰਨੀ ਹੈ।“ਪਪਲਪ੍ਰੀਤ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਕਿਹਾ, “ਉਨ੍ਹਾਂ ਦਾ ਅਕਸ ਸਾਫ-ਸੁਥਰਾ ਸੀ, ਉਸ ਨੂੰ ਖ਼ਰਾਬ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਦੇ ਵੀ ਕੋਈ ਹਥਿਆਰ ਦੀ ਗੱਲ ਨਹੀਂ ਕੀਤੀ।“ਰਾਜਵਿੰਦਰ ਕੌਰ ਨੇ ਸਰਕਾਰ ਅਪੀਲ ਕਰਦਿਆਂ ਕਿਹਾ, “ਜੋ ਸਹੀ ਹੈ ਉਹ ਕੀਤਾ ਜਾਵੇ ਪਰ ਨਾਜਾਇਜ਼ ਕੁਝ ਨਾ ਕੀਤਾ ਜਾਵੇ। ਐੱਨਐੱਸਏ ਲਗਾ ਦੇਣਾ ਜਾਂ ਹੋਰ। ਜਦੋਂ ਕੋਈ ਗੁਰੂਘਰ ਵਿੱਚ ਜਾਂਦਾ ਹੈ ਤਾਂ ਉਸ ‘ਤੇ ਐਵੇਂ ਕੇਸ ਨਹੀਂ ਪਾਏ ਜਾਂਦੇ।“ਅਜਨਾਲਾ ਹਿੰਸਾ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਦੱਸਿਆ ਪਪਲਪ੍ਰੀਤ ਸਿੰਘ ਥਾਣੇ ਦੇ ਘੇਰਾਓ ਵੇਲੇ ਉੱਥੇ ਨਹੀਂ ਸਨ। ਉਹ ਸ਼ਾਮ ਨੂੰ ਰਹਿਰਾਸ ਵੇਲੇ ਉੱਥੇ ਗਏ ਸੀ।ਉਨ੍ਹਾਂ ਨੇ ਕਿਹਾ, “ਉਹ ਵੀ ਅਮ੍ਰਿਤਪਾਲ ਦੇ ਚਾਚੇ ਨੇ ਕਿਹਾ ਸੀ ਕਿ ਤੁਸੀਂ ਆਓ, ਤੁਹਾਡੀ ਲੋੜ ਹੈ, ਤਾਂ ਗਏ ਸੀ। ਜੇ ਇਨ੍ਹਾਂ ਨੂੰ ਲੱਗਦਾ ਹੈ ਕਿ ਉਹ ਉਸ ਵੇਲੇ ਉੱਥੇ ਸੀ ਤਾਂ ਸਬੂਤ ਦੇਣ।“







# ਹਿੰਦੂ ਮਹਾਸਭਾ ਦੇ ਮੈਂਬਰਾਂ ਨੇ ਮੁਸਲਮਾਨ ਨੌਜਵਾਨਾਂ ਨੂੰ ਫਸਾਉਣ ਲਈ ਗਊ ਹੱਤਿਆ ਦੀ ਸਾਜ਼ਿਸ਼ ਰਚੀ:ਯੂ ਪੀ ਪੁਲਿਸ



ਨਵੀਂ ਦਿੱਲੀ— ਉੱਤਰ ਪ੍ਰਦੇਸ਼ ਦੇ ਆਗਰਾ ਜ਼ਿਲੇ ‘ਚ ਗਊਆਂ ਦੀ ਹੱਤਿਆ ਕਰਕੇ ਰਾਮ ਨੌਮੀ ‘ਤੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਦਾ ਪਰਦਾਫਾਸ਼ ਹੋਇਆ ਹੈ। ਪੁਲਿਸ ਨੇ ਕਿਹਾ ਹੈ ਕਿ ਇਹ ਸਾਜ਼ਿਸ਼ ਅਖਿਲ ਭਾਰਤੀ ਹਿੰਦੂ ਮਹਾਸਭਾ ਦੇ ਅਹੁਦੇਦਾਰਾਂ ਨੇ ਰਚੀ ਸੀ।ਅਮਰ ਉਜਾਲਾ ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਪੁਲਿਸ ਨੇ ਹਿੰਦੂ ਮਹਾਸਭਾ ਦੇ ਰਾਸ਼ਟਰੀ ਬੁਲਾਰੇ ਸੰਜੇ ਜਾਟ ਨੂੰ ਮੁੱਖ ਸਾਜਿਸ਼ਕਰਤਾ ਵਜੋਂ ਨਾਮਜ਼ਦ ਕੀਤਾ ਹੈ। ਉਸ ਅਨੁਸਾਰ ਇਹ ਸਾਜ਼ਿਸ਼ ਕੁਝ ਮੁਸਲਿਮ ਨੌਜਵਾਨਾਂ ਨੂੰ ਫਸਾਉਣ ਲਈ ਰਚੀ ਗਈ ਸੀ, ਜਿਨ੍ਹਾਂ ਨਾਲ ਉਸ ਦੀ ਪੁਰਾਣੀ ਦੁਸ਼ਮਣੀ ਸੀ।ਇਸ ਸਬੰਧੀ ਹਿੰਦੂ ਮਹਾਸਭਾ ਦੇ ਚਾਰ ਅਹੁਦੇਦਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਰਿਪੋਰਟਾਂ ਮੁਤਾਬਕ ਗਊ ਹੱਤਿਆ ਦੀ ਘਟਨਾ ਰਾਮ ਨੌਮੀ ‘ਤੇ ਵਾਪਰੀ ਸੀ ਅਤੇ ਬੀਫ ਬਰਾਮਦ ਹੋਇਆ ਸੀ। ਇਸ ਤੋਂ ਬਾਅਦ ਅਖਿਲ ਭਾਰਤੀ ਹਿੰਦੂ ਮਹਾਸਭਾ ਦੇ ਅਹੁਦੇਦਾਰ ਉੱਥੇ ਪਹੁੰਚ ਗਏ ਸਨ। ਮਹਾਸਭਾ ਦੇ ਅਹੁਦੇਦਾਰ ਜਿਤੇਂਦਰ ਕੁਸ਼ਵਾਹਾ ਨੇ ਇਸ ਸਬੰਧੀ ਕੇਸ ਦਰਜ ਕਰਵਾਇਆ ਸੀ।‘ਦਿ ਟੈਲੀਗ੍ਰਾਫ਼’ ਦੀ ਰਿਪੋਰਟ ਮੁਤਾਬਕ ਆਗਰਾ ਦੇ ਛੱਤਾ ਇਲਾਕੇ ਦੇ ਵਧੀਕ ਪੁਲਿਸ ਕਮਿਸ਼ਨਰ ਆਰ ਕੇ ਸਿੰਘ ਨੇ ਕਿਹਾ, (ਹਿੰਦੂ ਮਹਾਸਭਾ ਆਗੂ) ਸੰਜੇ ਜਾਟ ਮੁੱਖ ਸਾਜ਼ਿਸ਼ਕਰਤਾ ਹੈ। ਉਸ ਦੇ ਸਾਥੀਆਂ ਅਤੇ ਦੋਸਤਾਂ ਨੇ 29 ਮਾਰਚ ਦੀ ਰਾਤ ਨੂੰ ਮਹਿਤਾਬ ਬਾਗ ਇਲਾਕੇ ਵਿੱਚ ਇੱਕ ਗਾਂ ਨੂੰ ਮਾਰ ਦਿੱਤਾ ਅਤੇ ਪਾਰਟੀ ਦੇ ਮੈਂਬਰ ਜਤਿੰਦਰ ਕੁਸ਼ਵਾਹਾ ਨੂੰ ਮੁਹੰਮਦ ਰਿਜ਼ਵਾਨ, ਮੁਹੰਮਦ ਨਕੀਮ ਅਤੇ ਮੁਹੰਮਦ ਸਾਨੂ ਖ਼ਿਲਾਫ਼ ਕੇਸ ਦਰਜ ਕਰਨ ਲਈ ਕਿਹਾ।ਉਸ ਨੇ ਕਿਹਾ, “ਪੁਲਿਸ ਨੇ ਚੌਥੇ ਸ਼ੱਕੀ ਇਮਰਾਨ ਕੁਰੈਸ਼ੀ ਅਤੇ ਅਗਲੇ ਦਿਨ ਸਾਨੂ ਨੂੰ ਗ੍ਰਿਫਤਾਰ ਕੀਤਾ। ਹਾਲਾਂਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਨਾਮਜ਼ਦ ਮੁਲਜ਼ਮਾਂ ਦਾ ਅਪਰਾਧ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਸੰਜੇ ਜਾਟ ਦੀ ਇਨ੍ਹਾਂ ‘ਚੋਂ ਕੁਝ ਲੋਕਾਂ ਨਾਲ ਦੁਸ਼ਮਣੀ ਸੀ ਅਤੇ ਉਹ ਉਨ੍ਹਾਂ ਨੂੰ ਮਾਮਲੇ ‘ਚ ਫਸਾਉਣਾ ਚਾਹੁੰਦੇ ਸਨ।ਅਧਿਕਾਰੀ ਨੇ ਕਿਹਾ ਕਿ ਹਿੰਦੂ ਮਹਾਸਭਾ ਦੇ ਬੁਲਾਰੇ ਸੰਜੇ ਨੇ ਵੀ ਇਸ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਕੁਝ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਦੀ ਮਦਦ ਲਈ ਸੀ।ਅਧਿਕਾਰੀ ਨੇ ਕਿਹਾ, “ਜਤਿੰਦਰ ਨੇ ਪੁੱਛਗਿੱਛ ਦੌਰਾਨ ਸਾਡੇ ਨਾਲ ਝੂਠ ਬੋਲਿਆ। ਕਾਲ ਰਿਕਾਰਡ ਦਰਸਾਉਂਦੇ ਹਨ ਕਿ ਉਹ, ਸੰਜੇ ਜਾਟ ਅਤੇ ਕੁਝ ਹੋਰ ਲੋਕ ਉਸ ਸਥਾਨ ਦੇ ਨੇੜੇ ਸਨ ਜਿੱਥੇ ਗਊ ਹੱਤਿਆ ਹੋਈ ਸੀ, ਨਾ ਕਿ ਉਨ੍ਹਾਂ ਦਾ ਨਾਮ ਜਿਨ੍ਹਾਂ ਦਾ ਉਨ੍ਹਾਂ ਨੇ ਪੁਲਿਸ ਸ਼ਿਕਾਇਤ ਵਿੱਚ ਨਾਮ ਲਿਆ ਸੀ। ਕਾਲ ਰਿਕਾਰਡ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਦੋਸ਼ੀ ਵਿਅਕਤੀ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਇਸ ਜਗ੍ਹਾ ‘ਤੇ ਨਹੀਂ ਗਏ ਸਨ।ਪੁਲਿਸ ਨੇ ਕਿਹਾ ਕਿ ਕਥਿਤ ਤੌਰ ‘ਤੇ ਝੂਠੇ ਦੋਸ਼ਾਂ ਤਹਿਤ ਸੱਤ ਦਿਨ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀਆਂ (ਇਮਰਾਨ ਅਤੇ ਸਾਨੂ) ਨੂੰ ਜਲਦੀ ਹੀ ਰਿਹਾਅ ਕਰ ਦਿੱਤਾ ਜਾਵੇਗਾ।






# ਬਾਬਰੀ ਮਸਜਿਦ ਟਿੱਪਣੀ:ਸ਼ਿੰਦੇ ਅਸਤੀਫ਼ਾ ਦੇਣ ਜਾਂ ਭਾਜਪਾ ਦੇ ਮੰਤਰੀ ਨੂੰ ਹਟਾਉਣ:ਊਧਵ ਠਾਕਰੇ



ਮੁੰਬਈ-ਮਹਾਰਾਸ਼ਟਰ ਸਰਕਾਰ ’ਚ ਮੰਤਰੀ ਚੰਦਰਕਾਂਤ ਪਾਟਿਲ ਵੱਲੋਂ ਬਾਬਰੀ ਮਸਜਿਦ ਢਾਹੁਣ ਵਿੱਚ ਸ਼ਿਵ ਸੈਨਾ ਦਾ ਇੱਕ ਵੀ ਕਾਰਕੁਨ ਨਾ ਹੋਣ ਦਾ ਦਾਅਵਾ ਕਰਨ ਦੇ ਇੱਕ ਦਿਨ ਬਾਅਦ ਸ਼ਿਵ ਸੈਨਾ (ਊਧਵ ਬਾਲ ਠਾਕਰੇ) ਨੇਤਾ ਊਧਵ ਠਾਕਰੇ ਨੇ ਕਿਹਾ ਕਿ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਜਾਂ ਤਾਂ ਖ਼ੁਦ ਅਹੁਦੇ ਤੋਂ ਹਟ ਜਾਣਾ ਚਾਹੀਦਾ ਹੈ ਜਾਂ ਫਿਰ ਪਾਟਿਲ ਤੋਂ ਉਨ੍ਹਾਂ ਦੇ ਬਿਆਨ ਲਈ ਅਸਤੀਫ਼ਾ ਮੰਗਣਾ ਚਾਹੀਦਾ ਹੈ।ਏਕਨਾਥ ਸ਼ਿੰਦੇ ਸਰਕਾਰ ’ਚ ਉੱਚ ਅਤੇ ਤਕਨੀਕੀ ਸਿੱਖਿਆ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਚੰਦਰਕਾਂਤ ਪਾਟਿਲ ਨੇ ਕਿਹਾ ਸੀ ਜਦੋਂ ਬਾਬਰੀ ਮਸਜਿਦ ਢਾਹੀ ਜਾ ਰਹੀ ਤਾਂ ਚੂਹੇ ਆਪਣੇ ਘਰਾਂ ਵਿੱਚ ਲੁਕੇ ਹੋਏ ਸਨ।ਇਸੇ ਦੌਰਾਨ ਸ਼ਿਵ ਸੈਨਾ (ਯੂਟੀਬੀ) ਨੇਤਾ ਸੰਜੈ ਰਾਊਤ ਨੇ ਵੀ ਇੱਕ ਟਵੀਟ ’ਚ ਆਖਿਆ ਕਿ ਜਾਂ ਤਾਂ ਸ਼ਿੰਦੇ ਨੂੰ ਪਾਟਿਲ ਦਾ ਦਾਅਵਾ ਪ੍ਰਵਾਨ ਕਰਨਾ ਚਾਹੀਦਾ ਹੈ, ਨਹੀਂ ਤਾਂ ਮੁੱਖ ਮੰਤਰੀ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।ਭਾਜਪਾ ਨੇਤਾ ਚੰਦਰਕਾਂਤ ਪਾਟਿਲ ਨੇ ਕਿਹਾ ਸੀ ਕਿ ਜਦੋਂ 6 ਦਸੰਬਰ 1992 ਨੂੰ ਅਯੁੱਧਿਆ ਵਿੱਚ ਬਜਰੰਗ ਦਲ ਅਤੇ ਦੁਰਗਾ ਵਾਹਿਨੀ ਕਾਰਕੁਨਾਂ ਵੱਲੋਂ ਬਾਬਰੀ ਮਸਜਿਦ ਢਾਹੀ ਜਾ ਰਹੀ ਸੀ ਤਾਂ ਸ਼ਿਵ ਸੈਨਾ ਦਾ ਇੱਕ ਵੀ ਕਾਰਕੁਨ ਮਸਜਿਦ ਨੇੜੇ ਮੌਜੂਦ ਨਹੀਂ ਸੀ।









# ਐਮਨੈਸਟੀ ਇੰਟਰਨੈਸ਼ਨਲ ਨੇ ਭਾਰਤ ਦੀ ਬੁਲਡੋਜ਼ਰ ਰਾਜਨੀਤੀ ਦੀ ਕੀਤੀ ਨਿੰਦਾ

ਲੰਡਨ: ਬ੍ਰਿਟੇਨ ਸਥਿਤ ਐਮਨੈਸਟੀ ਦਾ ਕਹਿਣਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀਆਂ ਹਿੰਦੂਤਵੀ ਨੀਤੀਆਂ ਕਾਰਣ ਅੰਤਰਰਾਸ਼ਟਰੀ ਸੁਰਖੀਆਂ ਵਿਚ ਬਣੇ ਰਹਿੰਦੇ ਹਨ।2017 ਤੋਂ ਭਾਰਤ ਅਤੇ ਨੇਪਾਲ ਲਈ ਐਮਨੈਸਟੀ ਯੂਕੇ ਦੇ ਕੰਟਰੀ ਕੋਆਰਡੀਨੇਟਰ ਰਹੇ ਚੈਰੀ ਬਰਡ ਦੁਆਰਾ ਲਿਖੀ ਗਈ ਪੋਸਟ ਵਿੱਚ ਉਜਾਗਰ ਕੀਤੇ ਗਏ ਕੁਝ ਮੁੱਖ ਮੁੱਦਿਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਮੋਦੀ ਸਰਕਾਰ ਦੀ ਬੁਲਡੋਜ਼ਰ ਰਾਜਨੀਤੀ, ਕਸ਼ਮੀਰ ਦੇ ਖਣਿਜ ਸਰੋਤਾਂ ਦੀ ਲੁੱਟ, ਪੱਤਰਕਾਰਾਂ ਦੀ ਗ੍ਰਿਫਤਾਰੀ ਅਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ।



ਚੈਰੀ ਨੇ ਆਪਣੀ ਪੋਸਟ ਵਿੱਚ ਕਸ਼ਮੀਰ ਵਿੱਚ ਢਾਹੇ ਗਏ ਇੱਕ ਘਰ ਦੀ ਇੱਕ ਫੋਟੋ ਦਾ ਜ਼ਿਕਰ ਕਰਦੇ ਹੋਏ ਲਿਖਿਆ: "ਜਿਵੇਂ ਕਿ ਫੋਟੋ ਵਿੱਚ ਦਿਖਾਇਆ ਗਿਆ ਹੈ, ਬੁਲਡੋਜ਼ਰ ਨਾਲ (ਇਜ਼ਰਾਈਲ ਫਲਸਤੀਨ ਦੇ ਸਮਾਨਾਂਤਰ) ਦੀ ਵਰਤੋਂ ਕਰਦੇ ਹੋਏ, ਕਸ਼ਮੀਰੀਆਂ ਦੇ ਘਰ ਅਤੇ ਕਾਰੋਬਾਰ ਬਿਨਾਂ ਕਿਸੇ ਚੇਤਾਵਨੀ ਜਾਂ ਜਾਇਜ਼ ਕਾਰਨ ਦੇ ਤਬਾਹ ਕੀਤੇ ਜਾ ਰਹੇ ਹਨ।ਕਸ਼ਮੀਰੀਆਂ ਦੇ ਵਸੀਲਿਆਂ ਦੀ ਲੁੱਟ ਬਾਰੇ, ਕਸ਼ਮੀਰ ਦੇ ਸਿਰਲੇਖ ਲਈ ਤਿਆਰ ਅਡਾਨੀ ਮਾਈਨਿੰਗ ਅਧੀਨ ਚੈਰੀ, ਕਹਿੰਦਾ ਹੈ, ਕਿ "ਮੁਨਾਫਾ ਵੱਡੀ ਭਾਰਤੀ ਕੰਪਨੀ ਜੋ ਗੌਤਮ ਅਡਾਨੀ ਦੀ ਹੈ (ਅਡਾਨੀ ਮੋਦੀ ਦੇ ਨੇੜੇ ਹੈ) ਨੂੰ ਜਾਵੇਗਾ, ਕਸ਼ਮੀਰੀਆਂ ਨੂੰ ਨਹੀਂ।ਚੈਰੀ ਬਰਡ ਨੇ ਆਪਣੀ ਪੋਸਟ 'ਚ ਕਸ਼ਮੀਰੀ ਪੱਤਰਕਾਰ ਇਰਫਾਨ ਮੇਰਾਜ ਦੀ ਗ੍ਰਿਫਤਾਰੀ ਦਾ ਮੁੱਦਾ ਵੀ ਚੁੱਕਿਆ।ਜਿਸ ਨੇ ਕਸ਼ਮੀਰ ਵਿੱਚ ਭਾਰਤੀ ਬਲਾਂ ਦੁਆਰਾ ਕੀਤੇ ਗਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਵਾਰ-ਵਾਰ ਆਲੋਚਨਾ ਕੀਤੀ ਸੀ।ਉਨਾ ਨੇ ਅਮਰੀਕੀ ਸਰਕਾਰ ਦੀ ਇੱਕ ਰਿਪੋਰਟ ਦਾ ਜ਼ਿਕਰ ਕੀਤਾ ਹੈ ਜਿਸ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਭਾਰਤ ਸਰਕਾਰ ਦੀ ਭਾਰੀ ਆਲੋਚਨਾ ਕੀਤੀ ਗਈ ਹੈ, ਜਿਸ ਵਿੱਚ ਧਾਰਮਿਕ ਘੱਟ ਗਿਣਤੀਆਂ, ਅਸਹਿਮਤਾਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ,"ਚੈਰੀ ਨੇ ਯੂਕੇ ਸਰਕਾਰ ਦੇ ਮੋਦੀ ਨਾਲ ਨਜਿੱਠਣ ਦੇ ਤਰੀਕੇ ਦੀ ਆਲੋਚਨਾ ਕੀਤੀ।

# ਜਲੰਧਰ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਉਮੀਦਵਾਰ ਦਾ ਹੋਇਆ ਐਲਾਨ

ਜਲੰਧਰ:-ਜ਼ਿਮਨੀ ਚੋਣ ਲਈ ਸਿਮਰਨਜੀਤ ਸਿੰਘ ਮਾਨ ਨੇ ਆਪਣੀ ਪਾਰਟੀ ਦੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਜਲੰਧਰ ਜ਼ਿਮਨੀ ਚੋਣ ਦਾ ਅਖਾੜਾ ਭਖਿਆ ਹੋਇਆ ਹੈ, ਪੰਜਾਬ ਦੀਆਂ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਰਿਹਾ ਹੈ।

ਹੁਣ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਆਪਣੀ ਪਾਰਟੀ ਦੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਗੁਰਜੰਟ ਸਿੰਘ ਕੱਟੂ ਨੂੰ ਜਲੰਧਰ ਜ਼ਿਮਨੀ ਚੋਣ ਦੇ ਲਈ ਆਪਣਾ ਉਮੀਦਵਾਰ ਐਲਾਨਿਆ ਹੈ ।

(ਸਫਾ ਬੀ6 ਦੀ ਬਾਕੀ)

ਲੱਗ ਰਿਹਾ ਸੀ ਜਿਵੇਂ ਤੁਸੀਂ ਕਿਸੇ ਭੂਤਾਂ ਵਾਲੀ ਥਾਂ 'ਤੇ ਪਹੁੰਚ ਗਏ ਹੋਵੋ।ਉਨ੍ਹਾਂ ਨੇ ਕਿਹਾ, "ਪਿੰਡ ਦੇ ਜ਼ਿਆਦਾਤਰ ਮੁਸਲਿਮ ਵਾਸੀ ਜਾਂ ਤਾਂ ਮਾਰੇ ਗਏ ਸਨ ਜਾਂ ਹਸਪਤਾਲ ਵਿੱਚ ਭਰਤੀ ਸਨ। ਉਨ੍ਹਾਂ ਦੇ ਸਰੀਰ 'ਤੇ ਗੋਲੀਆਂ ਦੇ ਜ਼ਖ਼ਮ ਸਨ।"ਸ਼ੁਰੂ ਵਿੱਚ ਕਤਲੇਆਮ ਵਿੱਚ ਮਰਨ ਵਾਲਿਆਂ ਦੀ ਗਿਣਤੀ 174 ਦੱਸੀ ਗਈ ਸੀ। ਪਰ ਅਣਅਧਿਕਾਰਤ ਰਿਪੋਰਟਾਂ ਵਿੱਚ, ਇਹ ਗਿਣਤੀ 350 ਤੋਂ ਵੱਧ ਸੀ।ਇਸ ਦੇ ਨਾਲ ਹੀ ਅਰਬਾਂ ਰੁਪਏ ਦੀ ਸੰਪਤੀ ਨੂੰ ਤਬਾਹ ਕਰਨ ਦੀਆਂ ਖਬਰਾਂ ਵੀ ਆਈਆਂ ਹਨ।ਵਿਭੂਤੀ ਨਾਰਾਇਣ ਰਾਏ ਦਾ ਕਹਿਣਾ ਹੈ, ''ਸ਼ੁਰੂਆਤ 'ਚ ਦੋਹਾਂ ਪਾਸਿਆਂ ਦੇ ਲੋਕ ਮਾਰੇ ਗਏ ਸਨ। ਪਰ ਬਾਅਦ ਵਿੱਚ ਪੁਲਿਸ ਅਤੇ ਪੀਏਸੀ ਦੇ ਲੋਕਾਂ ਨੇ ਮੁਸਲਮਾਨਾਂ ਖ਼ਿਲਾਫ਼ ਸੰਗਠਿਤ ਹਿੰਸਾ ਦਾ ਸਹਾਰਾ ਲਿਆ।ਮਾਲਿਆਨਾ ਕਤਲੇਆਮ ਤੋਂ ਇੱਕ ਦਿਨ ਪਹਿਲਾਂ 22 ਮਈ ਨੂੰ ਪੀਏਸੀ ਦੇ ਲੋਕ ਹਾਸ਼ਿਮਪੁਰਾ ਵਿੱਚ ਦਾਖ਼ਲ ਹੋਏ ਸਨ।ਹਾਸ਼ਿਮਪੁਰਾ ਮੁਸਲਿਮ ਬਹੁਗਿਣਤੀ ਵਾਲਾ ਇਲਾਕਾ ਹੈ ਅਤੇ ਮਾਲਿਆਨਾ ਤੋਂ ਮਹਿਜ਼ ਛੇ ਕਿਲੋਮੀਟਰ ਦੂਰ ਹੈ।

ਪੀਏਸੀ ਦੇ ਜਵਾਨਾਂ ਨੇ ਇੱਥੋਂ 48 ਲੋਕਾਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਵਿੱਚੋਂ 42 ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ।ਇਸ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਨੂੰ ਦਰਿਆ ਅਤੇ ਨੇੜਲੀ ਨਹਿਰ ਵਿੱਚ ਸੁੱਟ ਦਿੱਤਾ ਗਿਆ ਸੀ।ਛੇ ਲੋਕ ਬਚ ਗਏ ਸਨ ਜਿਨ੍ਹਾਂ ਨੇ ਦੱਸਿਆ ਕਿ ਉਸ ਦਿਨ ਕੀ ਹੋਇਆ ਸੀ।ਫ਼ੋਟੋ ਜਰਨਲਿਸਟ ਪ੍ਰਵੀਨ ਜੈਨ ਜਦੋਂ ਇਸ ਘਟਨਾ ਦੀ ਕਵਰੇਜ ਕਰਨ ਗਏ ਤਾਂ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ।ਪੁਲਿਸ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ। ਜੈਨ ਨੇ ਝਾੜੀਆਂ ਵਿੱਚ ਲੁਕ ਕੇ ਤਸਵੀਰਾਂ ਖਿੱਚੀਆ। ਉਨ੍ਹਾਂ ਦੀਆਂ ਤਸਵੀਰਾਂ ਵਿੱਚ ਮੁਸਲਮਾਨਾਂ ਦੀ ਕੁੱਟਮਾਰ ਹੁੰਦੀ ਦੇਖੀ ਜਾ ਸਕਦੀ ਹੈ।ਉਨ੍ਹਾਂ ਨੂੰ ਸੜਕਾਂ 'ਤੇ ਮਾਰਚ ਕੱਢਦੇ ਦੇਖਿਆ ਜਾ ਸਕਦਾ ਸੀ।ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਜਦੋਂ ਮੈਂ ਉਥੋਂ ਲੰਘ ਰਿਹਾ ਸੀ, ਮੈਨੂੰ ਨਹੀਂ ਪਤਾ ਸੀ ਕਿ ਇਨ੍ਹਾਂ ਲੋਕਾਂ ਨੂੰ ਕਤਲ ਕਰਨ ਲਈ ਗਲੀਆਂ ਵਿੱਚ ਲਿਜਾਇਆ ਜਾ ਰਿਹਾ ਸੀ।"

2018 ਵਿੱਚ, ਦਿੱਲੀ ਹਾਈ ਕੋਰਟ ਨੇ ਹਾਸ਼ਿਮਪੁਰਾ ਵਿੱਚ ਮੁਸਲਮਾਨਾਂ ਦੀ ਹੱਤਿਆ ਦੇ ਮਾਮਲੇ ਵਿੱਚ 26 ਸਾਬਕਾ ਪੀਏਸੀ ਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।ਲਖਨਊ ਦੇ ਰਹਿਣ ਵਾਲੇ ਸੀਨੀਅਰ ਪੱਤਰਕਾਰ ਸ਼ਰਤ ਪ੍ਰਧਾਨ ਯਾਦ ਕਰਦੇ ਹਨ ਜਦੋਂ ਪੀਏਸੀ ਨੂੰ ਫ਼ਿਰਕੂ ਅਤੇ ਮੁਸਲਿਮ ਵਿਰੋਧੀ ਕਿਹਾ ਗਿਆ ਸੀ ਅਤੇ ਨਾਲ ਹੀ ਸਖ਼ਤ ਨਿੰਦਾ ਵੀ ਕੀਤੀ ਗਈ ਸੀ।ਉਨ੍ਹਾਂ ਨੇ ਕਿਹਾ, "ਪੀਏਸੀ ਦੇ ਜ਼ਿਆਦਾਤਰ ਲੋਕ ਹਿੰਦੂ ਪਿਛੋਕੜ ਵਾਲੇ ਸਨ। ਪਰ ਫ਼ੌਜ ਦੇ ਉਲਟ, ਉਨ੍ਹਾਂ ਨੂੰ ਧਰਮ ਨਿਰਪੱਖ ਸਿਖਲਾਈ ਨਹੀਂ ਦਿੱਤੀ ਗਈ ਸੀ।ਸ਼ਰਤ ਪ੍ਰਧਾਨ ਦਾ ਕਹਿਣਾ ਹੈ ਕਿ "ਇਹ ਸੱਚ ਹੈ ਕਿ ਹਾਸ਼ਿਮਪੁਰਾ ਕਤਲੇਆਮ ਵਿੱਚ ਇਨਸਾਫ਼ ਹੋਇਆ ਸੀ। ਪਰ ਇਹ ਵਿਭੂਤੀ ਨਾਰਾਇਣ ਰਾਏ ਦੇ ਯਤਨਾਂ ਸਦਕਾ ਸੰਭਵ ਹੋ ਸਕਿਆ ਸੀ। ਰਾਏ 1987 ਵਿੱਚ ਗਾਜ਼ੀਆਬਾਦ ਦੇ ਐੱਸਪੀ ਸਨ। ਹਾਸ਼ਿਮਪੁਰਾ ਵਿੱਚ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਅਤੇ ਇੱਕ ਜ਼ਿੰਦਾ ਵਿਅਕਤੀ ਇੱਥੇ ਹੀ ਪਹੁੰਚਿਆ ਸੀ। "ਕੁਰਬਾਨ ਅਲੀ ਦਾ ਕਹਿਣਾ ਹੈ ਕਿ ਮਾਲਿਆਨਾ ਮਾਮਲੇ ਵਿੱਚ ਕਿਸੇ ਨਾ ਕਿਸੇ ਸਮੇਂ ਇਨਸਾਫ਼ ਜ਼ਰੂਰ ਹੋਵੇਗਾ।ਕੁਰਬਾਨ ਅਲੀ ਦਾ ਕਹਿਣਾ ਹੈ, "ਅਸੀਂ ਇਸ ਫ਼ੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਵਾਂਗੇ। ਅਸੀਂ ਹਾਰ ਮੰਨਣ ਵਾਲੇ ਨਹੀਂ ਹਾਂ।ਇਹ ਅਜਿਹਾ ਮਾਮਲਾ ਹੈ, ਜਿਸ ਵਿੱਚ ਇਨਸਾਫ਼ ਮਿਲਣ ਵਿੱਚ ਦੇਰੀ ਨਹੀਂ ਹੋਈ, ਸਗੋਂ ਲੋਕ ਇਸ ਤੋਂ ਵਾਂਝੇ ਰਹਿ ਗਏ ਹਨ।


AujLawZ Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



T&S Transportation
Hiring Owner Operators & Drivers

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



A to Z Driving School
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ


ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ
WE DO:
*CITIZENSHIP CLASSES
*NATIONAL SAFETY CODE (NSC) CLASSES
A to Z DRIVING SCHOOL
Lucky: 604-614-5365
Unit 15 - 8388 128 St., Surrey



ਮਦਰ ਇੰਡੀਆ
ਦੇ ਨਰੇਸ਼ ਸ਼ੁਕਲਾ ਅਤੇ ਸਮੂਹ ਪਰਿਵਾਰ ਵੱਲੋਂ
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਲੱਖ-ਲੱਖ ਵਧਾਈ
HAPPY
Vaisakhi
Mother India
ਨਰੇਸ਼ ਸ਼ੁਕਲਾ
Email:nareshcanada@hotmail.com
6647-Main Street (50th Ave.)
Vancouver BC V5X 3H3
FREE DELIVERY IN CANADA & USA
*with minimum order
MOTHER INDIA
Chandan
Lavender
ARGAN OIL
Dant Manjan
Charcoal
Multani Mitti
Neem Soap
ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ
TEL: 604-430-6072

ਪੰਜਾਬੀਆਂ ਦੀ ਫਰੇਜ਼ਰ ਸਟਰੀਟ 'ਤੇ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਮੀਟ ਸ਼ਾਪ

# ਫਰੇਜ਼ਰ ਵਿਊ ਮੀਟ ਸ਼ਾਪ

**6657, Fraser St. Vancouver, 604-327-1724**

ਬੀ-ਬੀ-ਕਿਊ ਚਟਪਟਾ
ਵਧੀਆ ਮੀਟ ਘੱਟ ਕੀਮਤ

ਵਿਆਹ, ਸ਼ਾਦੀਆਂ ਅਤੇ ਪਾਰਟੀਆਂ ਲਈ ਵੀ ਖਾਸ ਰਿਆਇਤਾਂ

ਮੁਰਗੇ ਅਤੇ ਬੱਕਰੇ ਦਾ ਸਵਾਦੀ ਆਚਾਰ



ਖਾਲਸਾ ਸਾਜਨਾ ਦਿਵਸ ਅਤੇ


# ਵਿਸਾਖੀ

ਦੀਆਂ

## ਜਨਾਬ ਅਸਲਮ ਮਲਿਕ, ਫੈਰੀਅਲ ਮੈਂਜੀ

ਅਤੇ ਸਮੂਹ ਸਟਾਫ਼ ਵਲੋਂ

## ਆਪ ਸਭ ਨੂੰ ਲੱਖ ਲੱਖ ਵਧਾਈਆਂ



# ਅਲ-ਮਨਸੂਰ ਵੀਡੀਓ ਇੰਕ.

**604-321-2442**

6657-Fraser St. Vancouver
(Inside Fraserview Meat Shop)

# Furniture Land

Furnishing Your Home For Less

# VISAKHI SALE

Store Hours
Mon-Sun 10am. to 6pm.

## 2 Locations

## SURREY

13581 77th Avenue,
Surrey, BC V3W 6Y2
PH:(604) 591-9595
info@furnitureland.ca

## RICHMOND

12180 Bridgeport Road,
Richmond, BC V6V 1J3
PH: (604) 278-9595
richmond@furnitureland.ca





















# ਵਿਸਾਖੀ ਜੋੜ ਮੇਲਾ

# VAISAKHI JORH MELA

---

ANNUAL CELEBRATION BY

**KHALSA SCHOOL**

## 11 AM-6PM
## SATURDAY, APRIL 29, 2023

**AT KHALSA SCHOOL OLD YALE ROAD**
**10589 124 ST. SURREY BC**

---

- Nagar Kirtan
- Kirtan Darbar
- Dhadi Vaaran
- Gatka
- Fun Fair
- Games
- Bouncy Castles
- Arts & Crafts

- Food Stalls
- Pizza
- Saag & Maki Di Roti
- Pakoray
- Chaat
- Choley Bhatoorey
- Ice Cream
- Cotton Candy

## Family Friendly Event

# Everyone is Welcome!

# .Ck Auto.

## CK AUTO SERVICES LTD.

SALE

BUY 4 TIRES & GET ALLIGNMENT AT 1/2 PRICE
FLAT TYRE REPAIR FREE




ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

40% off
Clearance Sale
*Limited Quantity
On All Seasons & Winter Tires
(Auplus & Comforser)




215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਹਿ　　　　ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

**12 ਅਪ੍ਰੈਲ ਦਿਨ ਬੁੱਧਵਾਰ**

ਸ੍ਰੀ ਗੁਰੁ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਿਪਤ ਅਤੇ ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਮੇਨ ਹਾਲ ਵਿਖੇ ਸਵੇਰੇ 9:30 ਵਜੇ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ ਦਿਨ ਵੀਰਵਾਰ ਸਵੇਰੇ 9:30 ਵਜੇ ਪਾਏ ਜਾਣਗੇ, ਉਪਰੰਤ ਸਾਰਾ ਦਿਨ ਦੀਵਾਨ ਸਜਣਗੇ।

**14 ਅਪ੍ਰੈਲ ਦਿਨ ਸ਼ੁੱਕਰਵਾਰ**

*ਸ੍ਰੀ ਸੁਖਮਨੀ ਸਾਹਿਬ ਪਾਠ ਗੈਲਰੀ ਹਾਲ ਵਿਖੇ ਸ਼ਾਮ 4 ਵਜੇ ਸ. ਪਰਮ ਸਿੰਘ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਨਿਮਰਤ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ

**16 ਅਪ੍ਰੈਲ ਦਿਨ ਐਤਵਾਰ**

*ਸ੍ਰੀ ਸੁਖਮਨੀ ਸਾਹਿਬ ਪਾਠ ਸਵੇਰੇ 11:00 ਵਜੇ ਸ. ਮੇਜਰ ਸਿੰਘ ਕੰਦੋਲਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

**16 ਅਪ੍ਰੈਲ ਦਿਨ ਐਤਵਾਰ**

*ਸ੍ਰੀ ਸੁਖਮਨੀ ਸਾਹਿਬ ਪਾਠ ਸਵੇਰੇ 9:00 ਵਜੇ ਬੀਬੀ ਰਵਨੀਤ ਕੌਰ ਵਿਰਕ ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*ਭੋਗ ਸ੍ਰੀ ਸਹਿਜ ਪਾਠ ਸਾਹਿਬ ਅਤੇ ਅੰਤਿਮ ਅਰਦਾਸ ਮੇਨ ਹਾਲ ਵਿਖੇ ਨਮਿੱਤ ਸ. ਅਨੂਪ ਸਿੰਘ ਢਿੱਲੋਂ:ਵੱਲੋਂ ਸਮੂਹ ਢਿੱਲੋਂ ਪਰਿਵਾਰ

**ਨੋਟ:14 ਅਪ੍ਰੈ.ਲ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਤੋਂ 12:30 ਵਜੇ ਤੱਕ ਗਿਆਨੀ ਸ਼ਿਵਤੇਗ ਸਿੰਘ ਜੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ**

### ਅੰਮ੍ਰਿਤ ਸੰਚਾਰ

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ 16 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ।ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਨੂੰ ਦਰਜ ਕਰਵਾਉਣ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਰਸ਼ਵਿੰਦਰ ਸਿੰਘ ਜਲੰਧਰ ਵਾਲੇ, ਭਾਈ ਗੁਰਦੀਪ ਸਿੰਘ ਮੁਕਤਸਰ ਸਾਹਿਬ ਵਾਲੇ

*ਕਥਾ ਵਾਚਕ -ਭਾਈ ਮੋਹਕਮ ਸਿੰਘ ਜੀ ਫਗਵਾੜੇ ਵਾਲੇ　　*ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)




*Residential & Commercial*

# SANDEEP CARPET LTD.

*CARPET *LAMINATE *HARDWOOD *ENIGINEERING WOOD *SUPPLIES *INSTALLATION

## ਫਰੀ ਐਸਟੀਮੇਟ

ਲੈਮੀਨੇਟ, ਹਾਰਡਵੁੱਡ,
ਇੰਜੀਨੀਅਰਿੰਗ ਵੁੱਡ
ਅਤੇ ਕਾਰਪੈਟ
ਖਰੀਦਣ ਅਤੇ
ਇੰਸਟਾਲ ਕਰਨ ਲਈ
ਸੰਪਰਕ ਕਰੋ



ਸੁਖਵਿੰਦਰ (ਗੋਲਡੀ) ਖਟੜਾ



ਸ. ਕਮਿੱਕਰ ਸਿੰਘ ਖਟੜਾ ਸਰਪੰਚ



ਸਨਦੀਪ ਖਟੜਾ

**Sandeep Khatra:604-725-9726**

**BOOK YOUR FREE ESTIMATE!** **Ph:604-591-0172**

Email:SANDEEPCARPET@TELUS.NET

**13377-72Ave, Surrey BC**




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**14 ਅਪ੍ਰੈਲ ਦਿਨ ਸ਼ੁੱਕਰਵਾਰ**

*ਸਵੇਰੇ 10 ਵਜੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਾਬਾ ਬਕਾਲਾ ਸਾਹਿਬ ਅਤੇ ਤਰਨਤਾਰਨ ਸਾਹਿਬ ਦੀਆਂ ਸਮੂਹ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ

**15 ਅਪ੍ਰੈਲ ਦਿਨ ਸ਼ਨਿਚਰਵਾਰ**

*ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ
*ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ
*ਸਵੇਰੇ 10 ਵਜੇ...ਅਨੰਦ ਕਾਰਜ ਬਲਬੀਰ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ
*ਸ਼ਾਮ 3 ਵਜੇ ਸ਼੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ.ਮੰਗਲ ਸਿੰਘ ਪਰਿਵਾਰ ਵੱਲੋਂ
*ਸ਼ਾਮ 5 ਵਜੇ ਸ਼੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ.ਹਰਜਿੰਦਰ ਸਿੰਘ ਪਰਿਵਾਰ ਵੱਲੋਂ

**16 ਅਪ੍ਰੈਲ ਦਿਨ ਐਤਵਾਰ**

*ਸਵੇਰੇ 10.30 ਵਜੇ ਸ਼੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ.ਬਲਜੀਤ ਸਿੰਘ ਪਰਿਵਾਰ ਵੱਲੋਂ
*ਸਵੇਰੇ 10.30 ਵਜੇ ਸ਼੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ.ਹਰਵਿੰਦਰ ਸਿੰਘ ਪਰਿਵਾਰ ਵੱਲੋਂ
*ਦਾਹ ਸੰਸਕਾਰ ਸਰਦਾਰ ਸ਼ਿੰਗਾਰਾ ਸਿੰਘ 11 ਵਜੇ ਰਿਵਰਸਾਇਡ ਵਿਖੇ ਹੋਵੇਗਾ, 12.30 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਸ਼ਾਮ 4 ਵਜੇ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ.ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ

**17 ਅਪ੍ਰੈਲ ਦਿਨ ਸੋਮਵਾਰ**

*ਦਾਹ ਸੰਸਕਾਰ ਸਰਦਾਰ ਗੁਰਮੀਤ ਸਿੰਘ 10 ਵਜੇ ਰਿਵਰਸਾਇਡ ਵਿਖੇ ਹੋਵੇਗਾ, 11.30 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ






## ਐਤਵਾਰ 16 ਅਪ੍ਰੈਲ ਦਿਨ ਦੇ ਦੀਵਾਨ

## ਸ਼ਹੀਦ ਡਾ: ਗੁਰਨਾਮ ਸਿੰਘ ਬੁੱਟਰ ਅਤੇ ਸ਼ਹੀਦ ਭਾਈ ਸੁਰਿੰਦਰ ਸਿੰਘ ਸੋਢੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੋਣਗੇ

## ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਦੀਵਾਨ 14 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸਜਾਏ ਜਾਣਗੇ

**ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਲਈ ਅਤੇ ਭਾਈ ਅਮ੍ਰਿਤਪਾਲ ਸਿੰਘ ਅਤੇ ਹੋਰ ਸਮੂਹ ਸਿੰਘਾਂ ਦੇ ਚੜ੍ਹਦੀ ਕਲਾ ਲਈ 40 ਰੋਜਾ ਸ੍ਰੀ ਸੁਖਮਨੀ ਸਾਹਿਬ ਜਾਪ 14 ਅਪ੍ਰੈਲ ਦਿਨ ਸ਼ੁੱਕਰਵਾਰ ਸ਼ਾਮ 7 ਵਜੇ ਮਾਤਾ ਸਾਹਿਬ ਕੌਰ ਹਾਲ 2 ਵਿਖੇ ਆਰੰਭ ਹੋਣਗੇ। ਸਮੂਹ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।**




## ਐਤਵਾਰ 16 ਅਪ੍ਰੈਲ ਸਾਰੇ ਦਿਨ ਦੇ ਦੀਵਾਨ

## 13 ਅਪ੍ਰੈਲ 1978 ਦੇ ਸ਼ਹੀਦ ਸਿੰਘਾ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੋਣਗੇ

# ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ, ਭਾਈ ਸੁਖਵਿੰਦਰ ਸਿੰਘ ਸਾਗਰ
ਰਾਗੀ ਜਥਾ ਭਾਈ ਮਨਪ੍ਰੀਤ ਸਿੰਘ ਜੀ, ਭਾਈ ਹਰਪਾਲ ਸਿੰਘ ਦਾ ਜਥਾ

## ਕਥਾਵਾਚਕ

ਭਾਈ ਮਹਿੰਦਰ ਸਿੰਘ ਭੜੀ ਵਾਲੇ

## ਕਵੀਸ਼ਰੀ ਜਥਾ

ਕਵੀਸ਼ਰ ਨਿਸ਼ਾਨ ਸਿੰਘ ਚੱਬਲ

# ਖਾਲਸਾ ਸਾਜਨਾ ਦਿਹਾੜੇ ‘ਤੇ ਨਗਰ ਕੀਰਤਨ ਵਿਚ ਕਿਵੇਂ ਸ਼ਾਮਿਲ ਹੋਇਆ ਜਾਏ

ਖਾਲਸਾ ਸਾਜਨਾ ਸਿੱਖਾਂ ਦਾ ਮਹਾਨ ਇਤਿਹਾਸਕ ਦਿਹਾੜਾ ਹੈ, ਜਦੋਂ ਦਸਵੇਂ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾਇਆ ਸੀ ਅਤੇ ਜਾਤ, ਰੰਗ, ਵਰਣ ਆਸ਼ਰਮ ਆਦਿ ਦੇ ਵਿਤਕਰੇ ਨੂੰ ਸਦਾ ਲਈ ਖਤਮ ਕੀਤਾ ਸੀ। ਖਾਲਸਾ ਪੰਥ ਦੇ ਸਾਜਨਾ ਦਿਹਾੜੇ ਮੌਕੇ ‘ਤੇ ਦੁਨੀਆਂ ਭਰ ‘ਚ ਨਗਰ ਕੀਰਤਨ ਸਜਾਉਣ ਦੇ ਉਪਰਾਲੇ ਹੋ ਰਹੇ ਹਨ। ਨਗਰ ਕੀਰਤਨਾਂ ਦੇ ਸਬੰਧ ਵਿੱਚ ਕੁਝ ਅਹਿਮ ਵਿਚਾਰਾਂ ਦੀ ਸਾਂਝ ਪਾਉਣ ਦੀ ਖੁਸ਼ੀ ਲੈ ਰਹੇ ਹਾਂ, ਤਾਂ ਕਿ ਖਾਲਸਾ ਸਾਜਨਾ ਦਿਹਾੜੇ ਨੂੰ ‘ਵਿਸਾਖੀ ਮੇਲੇ’ ਦੀ ਥਾਂ, ਗੁਰਪੁਰਬ ਦੇ ਅਮਲੀ ਰੂਪ ਵਿਚ ਮਨਾਇਆ ਜਾਏ। ਅੱਜ ਪੰਜਾਬ ਤੋਂ ਲੈ ਕੇ ਦੁਨੀਆ ਦੇ ਹਰ ਕੋਨੇ ਵਿੱਚ, ਜਿੱਥੇ ਵੀ ਸਿੱਖ ਵਸਦੇ ਹਨ, ਅਕਾਲ ਪੁਰਖ ਦਾ ਜਸ ਅਤੇ ਕੀਰਤੀ ਕਰਦੇ ਹਨ। ਸਿੱਖ ਕੌਮ ਇਤਿਹਾਸਕ ਮੌਕਿਆਂ ਉੱਪਰ ਨਗਰ ਕੀਰਤਨ ਸਜਾਉਂਦੀ ਹੈ। ਇਹ ਪਰੰਪਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਦੁਬਈ ਅਤੇ ਪਾਕਿਸਤਾਨ ਸਮੇਤ ਹਰ ਉਸ ਮੁਲਕ ਦੇ ਵਿੱਚ ਸ਼ਾਨ ਨਾਲ ਕਾਇਮ ਹੈ, ਜਿੱਥੇ ਗੁਰੂ ਨਾਨਕ ਨਾਮ ਲੇਵਾ ਇੱਕ ਵੀ ਸਿੱਖ ਵਸਿਆ ਹੋਇਆ ਹੈ।ਨਗਰ ਕੀਰਤਨ ਸ਼ਬਦ ਦੀ ਪਰਿਭਾਸ਼ਾ ਦੇਖੀਏ ਤਾਂ ਇਹ ਦੋ ਸ਼ਬਦਾਂ ਦਾ ਜੋੜ ਹੈ: ‘ਨਗਰ’ ਅਤੇ ‘ਕੀਰਤਨ’। ਕੀਰਤਨ ਸ਼ਬਦ ਗੁਰਬਾਣੀ ‘ਚ ਅਨੇਕਾਂ ਵਾਰ ਆਇਆ ਹੈ। ਜਿੱਥੇ ਕੀਰਤਨ ਗਾਇਨ ਸਿੱਖੀ ਦਾ ਸ਼ਾਨਮਈ ਵਿਰਸਾ ਹੈ ਅਤੇ ਗੁਰੂ ਸਾਹਿਬਾਨ ਸਮੇਂ ਤੋਂ ਕੀਰਤਨ ਆਰੰਭ ਹੋਇਆ ਹੈ, ਉੱਥੇ ਇਹ ਸਦਾ ਹੀ ਕਾਇਮ ਹੈ ਅਤੇ ਰਹੇਗਾ ਵੀ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੇ ਸਬੰਧ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ ‘ਚ ਅਨੇਕ ਥਾਵਾਂ ‘ਤੇ ਇਹ ਸ਼ਬਦ ਹਨ, ਜਦੋਂ ਗੁਰੂ ਸਾਹਿਬ ਬਾਣੀ ਰਚਦੇ ਅਤੇ ਗਾਇਨ ਕਰਦੇ ਤੇ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ। ਇਸ ਤੋਂ ਬਾਅਦ ਗੁਰੂ ਕਾਲ ਦੌਰਾਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਮੌਲਿਕ ਰੂਪ ਵਿੱਚ ਸਰੰਦਾ ਅਤੇ ਅਨੇਕਾਂ ਹੋਰ ਸਾਜ ਬਖਸ਼ੇ ਅਤੇ ਹਰ ਇਕ ਸਿੱਖ ਨੂੰ ਕੀਰਤਨ ਕਰਨ ਵਾਸਤੇ ਪ੍ਰੇਰਿਆ। ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 31 ਰਾਗਾਂ ਵਿੱਚ ਦਰਜ ਕਰਨ ਅਤੇ ਰਾਗਾਂ ਵਿੱਚ ਗਾਇਨ ਦੀ ਵਿਧੀ ਇਸ ਦੀ ਮਿਸਾਲ ਹੈ, ਜਿਸ ਨੂੰ ਆਧਾਰ ਬਣਾ ਕੇ ਕੀਰਤਨੀਏ ਰਾਗਾਂ ਦਾ ਅਧਿਅਨ ਕਰਦੇ ਹਨ। ਕੀਰਤਨ ਗਾਇਨ ਦੇ ਮਹਾਨ ਗੌਰਵਮਈ ਵਿਰਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੜਾ ਉੱਚਾ ਰੁਤਬਾ ਦਿੱਤਾ। ਇੱਥੋਂ ਤੱਕ ਕਿ ਜੰਗਾਂ ਮੌਕੇ ਵੀ ‘ਆਸਾ ਜੀ ਦੀ ਵਾਰ’ ਦਾ ਕੀਰਤਨ ਆਪ ਖੁਦ ਗਾਇਨ ਕਰਨ ਦੀਆਂ ਇਤਿਹਾਸਕ ਮਿਸਾਲਾਂ ਸਾਹਮਣੇ ਹਨ। ਉਸ ਤੋਂ ਮਗਰੋਂ ਵੀ ਹਰ ਹਾਲ ਵਿੱਚ ਕੀਰਤਨ ਦਾ ਸਤਿਕਾਰ ਵਧਿਆ ਅਤੇ ਇਹ ਹਮੇਸ਼ਾ ਕਾਇਮ ਹੈ।

ਸ਼ਬਦ ‘ਨਗਰ’ ਦਾ ਭਾਵ ਅਸਥਾਨ ਤੋਂ ਹੈ, ਚਾਹੇ ਪਿੰਡ, ਕਸਬਾ, ਸ਼ਹਿਰ, ਕੁਝ ਵੀ ਹੋਵੇ। ਦੇਸ਼- ਵਿਦੇਸ਼ ਜਿੱਥੇ ਵੀ, ਜਿਸ ਵੀ ਸ਼ਹਿਰ ਵਿੱਚ ਸਿੱਖ ਵੱਸਦੇ ਹਨ, ਉਨ੍ਹਾਂ ਲਈ ਉਹ ਨਗਰ ਹੈ। ਇਉਂ ਨਗਰ ਅਤੇ ਕੀਰਤਨ ਦੋਹੇਂ ਸ਼ਬਦਾਂ ਦੇ ਜੋੜ ਤੋਂ ‘ਨਗਰ ਕੀਰਤਨ’ ਬਣਦਾ ਹੈ, ਜਿਸ ਦਾ ਭਾਵ ਹੈ ਵਿਸ਼ੇਸ਼ ਧਾਰਮਿਕ ਮੌਕਿਆਂ ‘ਤੇ ਨਗਰ ਵਿੱਚ ਕੀਰਤਨ ਕਰਦੇ ਹੋਏ ਸਿੱਖੀ ਦੀ ਸ਼ੋਭਾ ਵਧਾਉਣੀ ਅਤੇ ਹੋਰਨਾ ਕੌਮਾਂ ਨੂੰ ਇਸ ਤੋਂ ਜਾਣੂ ਕਰਵਾਉਣਾ। ਇਸ ਦਾ ਖਾਸ ਨਿਯਮ ਇਹ ਹੈ ਕਿ ਨਗਰ ਕੀਰਤਨ ਸਜਾਉਂਦੇ ਹੋਏ ਕੀਰਤਨ ਕਰਦਿਆਂ ਹੋਇਆਂ ਨਗਰ ਵਿੱਚ ਦੀ ਗੁਜ਼ਰਨਾ। ਨਗਰ ਵਿੱਚ ਕੀਰਤਨ ਗਾਇਨ ਕਰਦੇ ਚੱਲਣਾ।ਕਿਉਂਕਿ ਨਗਰ ਕੀਰਤਨ ਨਿਰੋਲ ਧਾਰਮਿਕ ਅਤੇ ਸਿੱਖੀ ਪ੍ਰਚਾਰ ਦਾ ਜ਼ਰੀਆ ਹੈ, ਇਸ ਕਰਕੇ ਨਗਰ ਕੀਰਤਨ ਵਿੱਚ ਸਿੱਖ ਵਿਰਸੇ ਨਾਲ ਸਬੰਧਤ ਧਾਰਮਿਕ ਪੱਖਾਂ ਨੂੰ ਹੀ ਜੋੜ ਕੇ ਵੇਖਿਆ ਜਾਂਦਾ ਹੈ ਜਿਵੇਂ ਕਿ ਨਗਰ ਕੀਰਤਨ ਵਿੱਚ ਸਿੱਖਾਂ ਦੀ ਸ਼ਾਨਦਾਰ ਵਿਰਾਸਤ ਦਾ ਪ੍ਰਤੀਕ ਗੱਤਕਾ ਖੇਡਣਾ, ਜੋ ਕਿ ਤਖ਼ਤ ਸਾਹਿਬਾਨਾਂ ਤੋਂ ਲੈ ਕੇ ਹਰ ਗੁਰਦੁਆਰਾ ਸਾਹਿਤਕ ਸਾਹਿਬ ਤੱਕ ਮੌਜੂਦ ਹੈ। ਇਸ ਦੇ ਨਾਲ ਹੀ ਗੁਰਬਾਣੀ ਦੀ ਕਥਾ-ਵਿਚਾਰ, ਢਾਡੀ-ਕਵੀਸ਼ਰੀ ਪਰੰਪਰਾ, ਇਹ ਸਭ ਸਿੱਖੀ ਦੇ ਧਾਰਮਿਕ ਪੱਖ ਹਨ ਅਤੇ ਨਗਰ ਕੀਰਤਨ ਦਾ ਹਿੱਸਾ ਹਨ।

ਵਿਦੇਸ਼ਾਂ ਵਿੱਚ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਨਗਰ ਕੀਰਤਨ ਦੇ ਮੌਕੇ ‘ਤੇ ਵੱਧ ਤੋਂ ਵੱਧ ਬਹੁ- ਭਾਸ਼ਾਈ ਪੱਤਰ, ਇਤਿਹਾਸ ਅਤੇ ਵਿਰਸੇ ਦੇ ਮਹੱਤਵ ਨੂੰ ਪੇਸ਼ ਕਰਦਿਆਂ, ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਅਤੇ ਹੋਰਨਾਂ ਭਾਸ਼ਾਵਾ ਵਿੱਚ ਵੰਡੇ ਜਾਣ। ਨਗਰ ਕੀਰਤਨ ਦੇ ਸ਼ੋਭਨੀਕ ਸਰੂਪ ਦੀ ਮਹੱਤਤਾ ਇਹ ਵੀ ਹੈ ਕਿ ਬਹੁਤਾਤ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮਗਰ ਤੁਰਨ, ਨਾ ਕਿ ਜ਼ਿਆਦਾ ਤਾਦਾਦ ਵਿੱਚ ਗੱਡੀਆਂ ਚੱਲਣ। ਚੱਲਦਿਆਂ ਹੋਇਆਂ ਇਹ ਵੀ ਖਿਆਲ ਰੱਖਿਆ ਜਾਏ ਕਿ ਅਸੀਂ ਗੁਰਬਾਣੀ ਤੇ ਨਗਰ ਕੀਰਤਨ ਦਾ ਸਤਿਕਾਰ ਕਰਦੇ ਹੋਏ ਸਿਰ ਢੱਕੇ ਹਨ ਅਤੇ ਕਿਸੇ ਵੀ ਕਿਸਮ ਦੇ ਨਸ਼ਾ ਸੇਵਨ ਤੋਂ ਮੁਕਤ ਹਾਂ। ਸਿੱਖੀ ਵਿੱਚ ਨਸ਼ਾ ਕਰਨ ਦਾ ਵਿਰੋਧ ਹੈ ਅਤੇ ਇਹ ਮਾਹੌਲ ਨੂੰ ਖਰਾਬ ਕਰਦਾ ਹੈ। ਨਗਰ ਕੀਰਤਨ ਮੌਕੇ ਕਈ ਵਾਰ ਗੁਰਬਾਣੀ ਪ੍ਰਚਾਰ ਦੀ ਥਾਂ ਤੇ ਵੱਖ-ਵੱਖ ਫਲੋਟਾਂ ‘ਤੇ ਪੈਸੇ ਇਕੱਤਰ ਕਰਨ ਜਾਂ ਕਾਰੋਬਾਰੀ ਪ੍ਰਚਾਰ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਦਾ ਨਗਰ ਕੀਰਤਨ ਨਾਲ ਸਬੰਧ ਨਹੀਂ ਹੁੰਦਾ। ਅਜਿਹਾ ਕਰਨਾ ਨਗਰ ਕੀਰਤਨ ਸਰੂਪ ਅਤੇ ਪਰਿਭਾਸ਼ਾ ਦੇ ਬਿਲਕੁਲ ਉਲਟ ਹੈ ਅਤੇ ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਨਗਰ ਕੀਰਤਨ ਦੌਰਾਨ ਸਟੇਜਾਂ ਤੋਂ ਲੋਕ ਨਾਚ ਭੰਗੜੇ ਜਾਂ ਗਿੱਧੇ ਦੀਆਂ ਪੇਸ਼ਕਾਰੀਆਂ ਨਗਰ ਕੀਰਤਨ ਦੇ ਸਰੂਪ ਦੇ ਬਿਲਕੁਲ ਅਨੁਕੂਲ ਨਹੀਂ। ਇਨ੍ਹਾਂ ਦੀ ਥਾਂ ਦਸਤਾਰਾਂ ਸਜਾਉਣ, ਬੀਰਰਸੀ ਵਾਰਾਂ ਗਾਉਣ ਅਤੇ ਸਿੱਖ ਮਾਰਸ਼ਲ ਆਰਟਸ ਗੱਤਕਾ ਖੇਡਣਾ ਦੇ ਜੌਹਰ ਦਿਖਾਉਣ ਨੂੰ ਪ੍ਰਚਾਰਨਾ ਤੇ ਪ੍ਰਸਾਰਨਾ ਚਾਹੀਦਾ ਹੈ। ਲੋਕ ਕਲਾਵਾਂ ਪੰਜਾਬੀ ਸੱਭਿਆਚਾਰ ਦਾ ਹਿੱਸਾ ਹਨ ਅਤੇ ਇਨ੍ਹਾਂ ਦੀ ਪੇਸ਼ਕਾਰੀ ਨਗਰ ਕੀਰਤਨ ਦੀ ਜਗ੍ਹਾ, ਵੱਖਰੇ ਮੰਚ ਤੋਂ ਹੋਣੀ ਚਾਹੀਦੀ ਹੈ। ਇਹ ਨਾ ਵਿਵਾਦ ਦਾ ਵਿਸ਼ਾ ਹੋਣਾ ਚਾਹੀਦਾ ਹੈ ਤੇ ਨਾ ਹੀ ਇਸ ‘ਤੇ ਕੋਈ ਸੁਆਲ ਹੀ ਉੱਠਣ ਦੀ ਗੁੰਜਾਇਸ਼ ਹੈ, ਕਿਉਂਕਿ ਨਗਰ ਕੀਰਤਨ ਦਾ ਭਾਵ ਕੀਰਤਨ ਤੋਂ ਹੈ, ਜੋ ਨਗਰ ‘ਚੋਂ ਗੁਜ਼ਰਦਿਆਂ ਸ਼ਰਧਾ-ਸਤਿਕਾਰ ਅਤੇ ਪ੍ਰੇਮ -ਰਸ ਵਿੱਚ ਭਿੱਜ ਕੇ ਕੀਤਾ ਜਾਂਦਾ ਹੈ।ਨਗਰ ਕੀਰਤਨ ਮੌਕੇ ਰਾਜਸੀ ਪਾਰਟੀਆਂ ਵੱਲੋਂ ਆਪਣੀਆਂ ਸਟੇਜਾਂ ਲਾਉਣ ਅਤੇ ਪ੍ਰਚਾਰ ਕਰਨ ਦੀ ਸੋਚ ਵੀ ਗਲਤ ਹੈ। ਅਜਿਹਾ ਕਰਕੇ ਉਹ ਧਾਰਮਿਕ ਕਾਰਜ ਨੂੰ ਸਿਆਸੀ ਰੰਗਤ ਦੇਣ ਦੀ ਕੋਸ਼ਿਸ਼ ਕਰਦੇ ਹਨ। ਸਿੱਖ ਵਿਰਸੇ ਅਤੇ ਇਤਿਹਾਸ ਨਾਲ ਸਬੰਧਤ ਵਿਚਾਰਾਂ ਨਗਰ ਕੀਰਤਨ ਦਾ ਮੂਲ ਮਨੋਰਥ ਹੋਣੀਆਂ ਚਾਹੀਦੀਆਂ ਹਨ, ਜਿੰਨਾਂ ਵਿੱਚ ਸਿੱਖ ਕੌਮ ਦੇ ਲੰਮੇ ਸੰਘਰਸ਼ ਅਤੇ ਚੁਣੌਤੀਆਂ ਸਬੰਧੀ ਖਾਲਸੇ ਦੇ ਨੁਕਤਾ-ਨਿਗਾਹ ਤੋਂ ਵਿਚਾਰਾਂ ਹੋਣ, ਨਾ ਕਿ ਪੁਲੀਟੀਕਲ ਪਾਰਟੀਆਂ ਆਪਣਾ ਪ੍ਰਚਾਰ ਕਰਨ। ਇੱਥੇ ਇਹ ਚੰਗੀ ਗੱਲ ਹੈ ਕਿ ਜੇਕਰ ਵੱਖ- ਵੱਖ ਪਾਰਟੀਆਂ ਨਾਲ ਸਬੰਧਤ ਸਟੇਜਾਂ ਤੋਂ ਨਗਰ ਕੀਰਤਨ ਦੇ ਇਤਿਹਾਸਕ ਮਹੱਤਵ ਅਤੇ ਸਿੱਖੀ ਨਾਲ ਸਬੰਧਤ ਕਾਰਜਾਂ ਬਾਰੇ ਸੰਬੰਧਿਤ ਰਾਜਸੀ ਧਿਰ ਵੱਲੋਂ ਨਿਭਾਈਆਂ ਜਾ ਰਹੀਆਂ ਭੂਮਿਕਾਵਾਂ ਦੀ ਜਾਣਕਾਰੀ ਦਿੱਤੀ ਜਾਵੇ, ਨਾ ਕਿ ਸਿਆਸੀ ਚੋਣ ਪ੍ਰਚਾਰ ਹੀ ਨਗਰ ਕੀਰਤਨ ਦਾ ਕੇਂਦਰ ਬਿੰਦੂ ਹੋਣ। ਸੰਗਤ ਰੂਪ ਵਿੱਚ ਨਗਰ ਕੀਰਤਨ ਦੀ ਪਰਿਭਾਸ਼ਾ ਅਤੇ ਸਰੂਪ ਦੇ ਅਨੁਕੂਲ ਚੱਲਦਿਆਂ ਇਹ ਯਤਨ ਹੋਵੇ ਕਿ ਇਹ ਮਨੋਰੰਜਨ ਦਾ ਕੇਂਦਰ ਬਿੰਦੂ ਨਾ ਹੋ ਕੇ, ਮਹਾਨ ਵਿਰਸੇ ਦੀ ਇਤਿਹਾਸਕ ਜਾਣਕਾਰੀ ਦਾ ਕੇਂਦਰ ਹੈ। ਸੋ ਅਜਿਹੀ ਸੋਚ ਨਾਲ ਹੀ ਨਗਰ ਕੀਰਤਨ ਵਿੱਚ ਸ਼ਾਮਲ ਹੋਇਆ ਜਾਵੇ। ਨਗਰ ਕੀਰਤਨ ਮੌਕੇ ਥਾਂ-ਥਾਂ ਲੱਗੇ ਸਟਾਲਾਂ ਦੀ ਸੇਵਾ ਜਿੱਥੇ ਬਹੁਤ ਅਹਿਮ ਹੈ, ਉੱਥੇ ਇਹ ਵੀ ਖਿਆਲ ਰੱਖਿਆ ਜਾਵੇ ਕਿ ‘ਨਿਰਾ ਭੋਜਨ ਵੰਡਣ’ ‘ਤੇ ਹੀ ਅਸੀਂ ਕੇਂਦਰਿਤ ਨਾ ਹੋ ਜਾਈਏ, ਸਗੋਂ ‘ਸ਼ਬਦ ਦੇ ਲੰਗਰ’ ਭਾਵ ਕਿਤਾਬਾਂ ਦੇ ਸਟਾਲ ਵੱਧ ਤੋਂ ਵੱਧ ਲਗਾਏ ਜਾਣ। ਕੌੜੀ ਸਚਾਈ ਹੈ ਕਿ ਨਗਰ ਕੀਰਤਨ ਮੌਕੇ ਵਧੇਰੇ ਲੋਕ ਭੋਜਨ ਦੇ ਸਟਾਲਾਂ ਤੇ ਹੀ ਇਕੱਤਰ ਹੁੰਦੇ ਹਨ ਅਤੇ ਇੰਜ ਜਾਪਦਾ ਹੈ ਜਿਵੇਂ ਹੱਦੋਂ ਵੱਧ ਖਾ ਕੇ ਇੱਕੋ ਦਿਨ ਵਿੱਚ ਸਾਰੀ ਕਸਰ ਪੂਰੀ ਕਰਨੀ ਹੋਵੇ। ਖਾਣ-ਪੀਣ ਦੇ ਸਟਾਲਾਂ ਵਿਚ ਵੀ ਤੰਦਰੁਸਤ ਭੋਜਨ ਦੀ ਥਾਂ ਸੁਆਦਲੇ ਭੋਜਨ ‘ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਲੋਕ ਪੂੜ੍ਹੀਆਂ, ਸਮੋਸੇ, ਟਿੱਕੀਆਂ ਦੇ ਸਟਾਲਾਂ ਤੇ ਵੱਡੀ ਤਾਦਾਦ ਵਿੱਚ ਨਜ਼ਰ ਆਉਂਦੇ ਹਨ।

ਦੂਜੇ ਪਾਸੇ ਇਹ ਵੀ ਸੱਚ ਹੈ ਕਿ ਨਗਰ ਕੀਰਤਨ ਮੌਕੇ ਫ਼ਲ ਫਰੂਟ ਅਤੇ ਸਲਾਦ ਆਦਿ ਦੇ ਸਟਾਲਾਂ ‘ਤੇ ਰੌਣਕ ਨਜ਼ਰ ਨਹੀਂ ਆਉਂਦੀ। ਤੇਲ ਵਾਲੀਆਂ ਚੀਜ਼ਾਂ ਅਤੇ ਸ਼ੂਗਰ ਵਾਲੇ ਪਦਾਰਥ ਇੱਕੋ ਦਿਨ ਵਿੱਚ ਖਾ ਕੇ ਲੋਕ ਜਿਨ੍ਹਾਂ ਸਰੀਰਕ ਨੁਕਸਾਨ ਕਰਦੇ ਹਨ, ਇਸ ਦਾ ਅੰਦਾਜ਼ਾ ਲਾਉਣਾ ਵੀ ਔਖਾ ਹੈ। ਇਸ ਤੋਂ ਇਲਾਵਾ ਖਾਣ-ਪੀਣ ਲਈ ਜਿੱਥੇ ਸਾਫ਼ ਸਫ਼ਾਈ ਦਾ ਖ਼ਿਆਲ ਰੱਖਣਾ ਬੜਾ ਉਚਿਤ ਹੈ, ਉੱਥੇ ਪਲਾਸਟਿਕ ਦੀ ਵਰਤੋਂ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਨਾ ਵੀ ਗਲਤ ਹੈ। ਇਸ ਤੋਂ ਗੁਰੇਜ਼ ਕੀਤਾ ਜਾਣਾ ਬਣਦਾ ਹੈ। ਗੁਰਬਾਣੀ ਦੀਆਂ ਪੰਗਤੀਆਂ ਤੇ ਗੁਰਮੁੱਖੀ ਅੱਖਰ, ਇਨ੍ਹਾਂ ਦਾ ਸਤਿਕਾਰ ਕਰਨਾ ਵੀ ਸਾਡਾ ਫਰਜ਼ ਹੈ। ਆਮ ਦੇਖਿਆ ਜਾਂਦਾ ਹੈ ਕਿ ਅਜਿਹੇ ਮੌਕਿਆਂ ‘ਤੇ ਅਜਿਹੇ ਦਸਤਾਵੇਜ਼ ਪੈਰਾਂ ਵਿੱਚ ਰੁਲ ਰਹੇ ਹੁੰਦੇ ਹਨ ਜੋ ਕਿ ਗੁਰਬਾਣੀ ਦਾ ਨਿਰਾਦਰ ਹੈ।ਖਾਲਸਾ ਸਾਜਨਾ ਦਿਹਾੜੇ ਦੇ ਨਗਰ ਕੀਰਤਨ ਵਿੱਚ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਦੇ ਲੋਕਾਂ ਨੂੰ ਇਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਏ। ਖਾਲਸਾ ਸਾਜਨਾ ਜਿੱਥੇ ਇੱਕ ਪਾਸੇ ਜ਼ਾਤ-ਪਾਤ ਦੇ ਵਿਤਕਰੇ ਨੂੰ ਸਦਾ ਲਈ ਖਤਮ ਕਰਨ ਦਾ ਸੁਨੇਹਾ ਹੈ, ਓਥੇ ਦੂਜੇ ਪਾਸੇ ਜ਼ਾਲਮ ਸਰਕਾਰ ਦੀ ਧੱਕੇਸ਼ਾਹੀ ਖ਼ਿਲਾਫ਼ ਸਿੱਖ ਇਨਕਲਾਬ ਹੈ। ਦੁੱਖ ਇਸ ਗੱਲ ਦਾ ਹੈ ਕਿ ਅੱਜ ਫਿਰ ਭਾਰਤ ਦਾ ਭਗਵਾਂਕਰਨ ਹੋ ਚੁੱਕਿਆ ਹੈ। ਮਨੂ ਸਮ੍ਰਿਤੀ ਤ੍ਰਿਸ਼ੂਲ ਚੁੱਕੀ ਫਿਰ ਰਹੀ ਹੈ। ਨਫਰਤ ਵਧ ਰਹੀ ਹੈ। ਉਚ ਜਾਤੀਏ ਦਲਿਤ ਭਾਈਚਾਰੇ ਦੇ ਲੋਕਾਂ ‘ਤੇ ਜ਼ੁਲਮ ਕਰ ਰਹੇ ਹਨ। ਘੱਟ ਗਿਣਤੀਆਂ ਦਾ ਘਾਣ ਹੋ ਰਿਹਾ ਹੈ। ਪੰਜਾਬ ਵਿੱਚ ਸੈਂਕੜੇ ਸਿੱਖ ਨੌਜਵਾਨਾਂ ਖ਼ਿਲਾਫ਼ ਕਾਲੇ ਕਾਨੂੰਨ ਨੈਸ਼ਨਲ ਸਕਿਉਰਟੀ ਐਕਟ ਆਦਿ ਲਗਾਏ ਜਾ ਰਹੇ ਹਨ। ਜਬਰ ਖਿਲਾਫ ਲਾਮਬੰਦ ਕਰਨ ਲਈ ਜ਼ਰੂਰੀ ਹੈ ਕਿ ਨਗਰ ਕੀਰਤਨ ਮੌਕੇ ਝਾਕੀਆਂ ਦੌਰਾਨ ਅਜਿਹੇ ਸਰਕਾਰੀ ਤਸ਼ੱਦਦ ਤੋਂ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਨੂੰ ਜਾਣੂ ਕਰਵਾਇਆ ਜਾਏ।ਜ਼ੁਲਮ ਦੇ ਖਿਲਾਫ਼ ਇਤਿਹਾਸ ਅਤੇ ਵਿਰਸੇ ਬਾਰੇ ਗਿਆਨ ਦਾ ਪਾਸਾਰ ਕਰਨਾ ਨਗਰ ਕੀਰਤਨ ਦਾ ਮਨੋਰਥ ਹੈ, ਨਾ ਕਿ ਭੋਜਨ ਸਟਾਲਾਂ ਤੇ ਮੌਜ-ਮੇਲਿਆਂ ਨੂੰ ਨਗਰ ਕੀਰਤਨ ਆਖਣਾ ਠੀਕ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਖਾਲਸਾ ਸਾਜਨਾ ਦੇ ਮੁਕੰਮਲ ਇਤਿਹਾਸ ਤੋਂ ਭਾਵਪੂਰਤ ਢੰਗ ਨਾਲ ਜਾਣੂ ਕਰਵਾਇਆ ਜਾਣਾ ਬਹੁਤ ਜ਼ਰੂਰੀ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਸਾਨੂੰ ਆਪ ਨੂੰ ਆਪਣੇ ਮਹਾਨ ਵਿਰਸੇ ਦੀ ਸੋਝੀ ਹੋਵੇ। ਜਿਹੜੇ ਸਕੂਲਾਂ- ਅਕੈਡਮੀਆਂ ਦੇ ਬੱਚੇ ਇਤਿਹਾਸ ਦੀ ਜਾਣਕਾਰੀ ਨਾਲ ਸਜ-ਧਜ ਕੇ ਖਾਲਸਾਈ ਪਹਿਰਾਵੇ ਵਿੱਚ ਨਗਰ ਕੀਰਤਨ ਦੀ ਸ਼ੋਭਾ ਵਧਾਉਂਦੇ ਹਨ, ਉਨ੍ਹਾਂ ਦੇ ਮਾਪੇ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ।



ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਮੌਕੇ ਹਉਮੈ, ਹੰਕਾਰ ਅਤੇ ਕ੍ਰੋਧ ਦੀ ਥਾਂ ਨਿਮਰਤਾ, ਸਤਿਕਾਰ ਅਤੇ ਪ੍ਰੇਮ ਨਾਲ ਸ਼ਾਮਿਲ ਹੋਣਾ ਚਾਹੀਦਾ ਹੈ। ਤਦ ਹੀ ਅਸੀਂ ਨਗਰ ਕੀਰਤਨ ਦੀ ਸ਼ਾਨ ਅਤੇ ਗੁਰੂ ਦੇ ਸਤਿਕਾਰ ਦੇ ਧਾਰਨੀ ਹੋ ਸਕਦੇ ਹਾਂ ਅਤੇ ਫ਼ਖ਼ਰ ਨਾਲ ਆਖ ਸਕਦੇ ਹਾਂ : ‘ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ’।

**ਡਾ. ਗੁਰਵਿੰਦਰ ਸਿੰਘ**


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਸਿਹਤ ਸੰਬੰਧੀ





# ਗੋਡਿਆਂ ਦੀ ਦਰਦ ਅਤੇ ਹੋਮਿਓਪੈਥੀ

ਆਪਣੀ ਬਣਤਰ ਕਾਰਣ ਮਨੁੱਖ ਦੇ ਗੋਡੇ ਸਿਰਫ਼ ਅੱਗੇ ਜਾਂ ਪਿੱਛੇ ਨੂੰ ਹੀ ਮੁੜ ਸਕਦੇ ਹਨ। ਗੋਡਿਆਂ ਵਿੱਚ ਚੰਦਰਮਾ ਆਕਾਰ ਦੀ ਝਿੱਲੀ ਅਤੇ ਦੋਵਾਂ ਪਾਸੇ ਲਿਗਾਮੈਂਟਸ ਤੋਂ ਇਲਾਵਾ ਅੰਦਰੂਨੀ ਲਿਗਾਮੈਂਟ ਵੀ ਹੁੰਦੀ ਹੈ। ਗੋਡਿਆਂ ਦੀਆਂ ਆਮ ਅਲਾਮਤਾਂ ਵਿੱਚ ਝਟਕਾ ਲੱਗਣਾ, ਖਿਚਾਅ ਅਤੇ ਦਬਾਅ ਪੈਣਾ ਸ਼ਾਮਲ ਹਨ। ਗੋਡੇ ਦੀ ਦਰਦ ਜਾਂ ਤਕਲੀਫ਼ ਠੀਕ ਹੋਣ ਨੂੰ ਲੰਮਾ ਸਮਾਂ ਲੱਗ ਜਾਂਦਾ ਹੈ। ਗੋਡਿਆਂ ਦੇ ਜੋੜਾਂ ਦੀ ਸੋਜਸ਼ ਦੀ ਬਿਮਾਰੀ ਜਿਸ ਵਿੱਚ ਸਾਇਨੋਵਾਈਟੀਜ਼, ਬਰਸਾਈਟੀਜ਼ ਅਤੇ ਰੋਮਾਟੋਇਡ ਅਰਥਰਾਇਟਿਸ ਹੋ ਸਕਦਾ ਹੈ। ਬਾਰ-ਬਾਰ ਹੋਣ ਵਾਲੀ ਘਿਸਾਈ ਕਾਰਣ ਗੋਡਿਆਂ ਦੀ ਆਸਟਿਓਆਰਥਰਾਇਟਿਸ ਦੀ ਬਿਮਾਰੀ ਵੀ ਹੋ ਜਾਂਦੀ ਹੈ। ਇਸ ਬਿਮਾਰੀ ਦੇ ਲੱਛਣਾਂ ਵਿੱਚ ਸ਼ਾਮਲ ਹਨ: ਜੋੜ ਦੀ ਸੋਜਸ਼, ਹੱਡੀਆਂ ਦੀ ਆਪਸ ਵਿੱਚ ਰਗੜ, ਗੋਡੇ ਦੇ ਜੋੜ ਦਾ ਖੜ੍ਹ ਜਾਣਾ ਜਾਂ ਲੌਕ ਹੋ ਜਾਣਾ, ਤੁਰਨ-ਫ਼ਿਰਨ ਵਿੱਚ ਅਸਮਰੱਥ ਹੋਣਾ ਅਤੇ ਗੋਡੇ ਦੇ ਪੱਠਿਆਂ ਦਾ ਨਸ਼ਟ ਹੋਣਾ। ਗੋਡਿਆਂ ’ਤੇ ਕੋਈ ਸੱਟ ਲੱਗਣ ਕਾਰਣ, ਐਕਸੀਡੈਂਟ ਕਾਰਣ ਜਾਂ ਕੰਮ ’ਤੇ ਗੋਡਿਆਂ ਦੇ ਖ਼ਾਸ ਇਸਤੇਮਾਲ ਕਾਰਣ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਹੋ ਸਕਦੀਆਂ ਹਨ। ਐਕਸੀਡੈਂਟ ਕਾਰਣ ਹੱਡੀ ਦੀ ਟੁੱਟ-ਭੱਜ ਜਾਂ ਮਨਿਸਕਸ ਅਤੇ ਲਿਗਾਮੈਂਟਸ ਵਿੱਚ ਆਈ ਤਰੇੜ ਕਾਰਣ ਜਿੱਥੇ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ, ਉੱਥੇ ਹੀ ਪੀੜਤ ਮਨੁੱਖ ਨੂੰ ਇਲਾਜ ਤੋਂ ਬਾਅਦ ਵੀ ਗੋਡਿਆਂ ਦੇ ਦਰਦ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਤਾਉਂਦੀਆਂ ਰਹਿੰਦੀਆਂ ਹਨ। ਜੇ ਇਨ੍ਹਾਂ ਸਮੱਸਿਆਵਾਂ ਦਾ ਢੁਕਵਾਂ ਇਲਾਜ ਨਾ ਕੀਤਾ ਜਾਵੇ ਤਾਂ ਉਹ ਚਿਰਕਾਲੀ ਬਣਨ ਤੋਂ ਬਾਅਦ ਹੋਰ ਵੀ ਗੰਭੀਰ ਰੂਪ ਲੈ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਗੋਡਿਆਂ ਦੀ ਦਰਦਾਂ ਸਿਰਫ਼ ਉਪਰੋਕਤ ਕਾਰਣਾਂ ਨਾਲ ਹੀ ਜੁੜਿਆਂ ਹੋਣ। ਕਿਸੇ ਵਿਅਕਤੀ ਦੀਆਂ ਖਾਣ-ਪੀਣ ਦੀਆਂ ਆਦਤਾਂ, ਕਸਰਤ ਦੀ ਘਾਟ, ਲੋੜ ਨਾਲੋਂ ਜ਼ਿਆਦਾ ਵਜ਼ਨ, ਸਮੁੱਚੀ ਜੀਵਨ-ਸ਼ੈਲੀ ਅਤੇ ਵਧਦੀ ਉਮਰ ਨਾਲ ਸੰਬੰਧਤ ਹੋਰ ਕਈ ਸਮੱਸਿਆਵਾਂ ਵੀ ਗੋਡਿਆਂ ਦੇ ਦਰਦ ਦਾ ਕਾਰਣ ਹੋ ਸਕਦੀਆਂ ਹਨ।

ਸਰੀਰ ਦਾ ਸਾਰਾ ਭਾਰ ਗੋਡਿਆਂ ਅਤੇ ਪੈਰਾਂ ਨੇ ਹੀ ਚੁੱਕਣਾ ਹੁੰਦਾ ਹੈ। ਇਸ ਲਈ ਸਰੀਰ ਦਾ ਆਦਰਸ਼ ਭਾਰ ਗੋਡਿਆਂ ਦੀ ਚੰਗੀ ਸਿਹਤ ਦਾ ਆਧਾਰ ਬਣਦਾ ਹੈ। ਗੋਡਿਆਂ ਦੀਆਂ ਦਰਦਾਂ ਮੌਸਮ ਤੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਠੰਢ ਅਤੇ ਸਲ੍ਹਾਬੇ ਦੇ ਮੌਸਮ ਵਿੱਚ ਬੈਰੋਮਿਟਰਕ ਪ੍ਰੈਸ਼ਰ ਘੱਟ ਹੋਣ ਨਾਲ ਇਹ ਦਰਦਾਂ ਵੱਧ ਹੁੰਦੀਆਂ ਹਨ ਅਤੇ ਗਰਮ ਅਤੇ ਖ਼ੁਸ਼ਕ ਮੌਸਮ ਵਿੱਚ ਵੱਧ ਪ੍ਰੈਸ਼ਰ ਕਾਰਣ ਇਹ ਦਰਦਾਂ ਘੱਟ ਹੋ ਜਾਂਦੀਆਂ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਗੋਡਿਆਂ ਦਾ ਦਰਦ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਂਝ ਤਾਂ ਇਹ ਬਿਮਾਰੀ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ ਪਰ ਆਮ ਤੌਰ ’ਤੇ 40-55 ਦੇ ਉਮਰ ਦੇ ਪੜਾਅ ਵਿੱਚ ਇਸ ਦੀ ਸ਼ੁਰੂਆਤ ਹੁੰਦੀ ਵੇਖੀ ਗਈ ਹੈ। ਇਸ ਦੀ ਜਕੜ ਵਿੱਚ ਆਇਆ ਪੀੜਤ ਵਿਅਕਤੀ ਆਪਣੇ ਆਪ ਨੂੰ ਅਪਾਹਜ ਵਾਂਗ ਮਹਿਸੂਸ ਕਰਨ ਲੱਗਦਾ ਹੈ ਅਤੇ ਇਸ ਤਰ੍ਹਾਂ ਸਰੀਰਕ ਪੱਧਰ ਦੀ ਬਿਮਾਰੀ ਕਾਰਣ ਲੱਛਣਾਂ ਦੀ ਹੋਂਦ ਪੀੜਤ ਵਿਅਕਤੀ ਦੇ ਮਨ ਉੱਤੇ ਵੀ ਭੈੜਾ ਅਸਰ ਕਰਨ ਲੱਗਦੀ ਹੈ। ਪੌੜੀਆਂ ਚੜ੍ਹਨ-ਉੱਤਰਨ ਵਿੱਚ ਮੁਸ਼ਕਲ, ਬਜ਼ਾਰ ਜਾਣ ਵਿੱਚ ਮੁਸ਼ਕਲ, ਤੁਰਨ ਵਿੱਚ ਪਰੇਸ਼ਾਨੀ ਅਤੇ ਥਕਾਵਟ ਦੇ ਅਹਿਸਾਸ ਨੇ ਨਾਲ-ਨਾਲ ਜੀਵਨ ਦੀ ਉੱਤਮਤਾ ਵੀ ਪ੍ਰਭਾਵਿਤ ਹੁੰਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



ਜਿਨ੍ਹਾਂ ਵਿਅਕਤੀਆਂ ਵਿੱਚ ਇਸ ਰੋਗ ਦਾ ਅਸਰ ਗੰਭੀਰ ਰੂਪ ਧਾਰਨ ਕਰ ਜਾਵੇ ਤਾਂ ਇਹ ਮਰੀਜ਼ ਨੂੰ ਅਪੰਗ ਵੀ ਕਰ ਸਕਦਾ ਹੈ।

**ਬਚਾਅ:** ਮੋਟਾਪਾ ਗੋਡਿਆਂ ਦੀਆਂ ਦਰਦਾਂ ਦਾ ਸਭ ਤੋਂ ਵਡਾ ਕਾਰਣ ਹੈ। ਇਸ ਲਈ ਮੋਟਾਪੇ ਤੋਂ ਬਚੋ। ਜੇ ਤੁਹਾਡਾ ਭਾਰ ਵਧ ਜਾਵੇ ਤਾਂ ਸਹੀ ਕਸਰਤ ਅਤੇ ਸਹੀ ਭੋਜਨ ਰਾਹੀਂ ਇਸ ਨੂੰ ਠੀਕ ਕਰੋ। ਪੁਰਾਣੀ ਕਹਾਵਤ, “ਉੱਠਿਆ ਨਾ ਜਾਵੇ ਤੇ ਫ਼ਿੱਟੇ ਮੂੰਹ ਗੋਡਿਆਂ ਦਾ”, ਵਿੱਚ ਗੋਡਿਆਂ ਨੂੰ ਹੀ ਕਸੂਰਵਾਰ ਠਹਿਰਾਇਆ ਗਿਆ ਹੈ ਪਰ ਅਸਲ ਵਿੱਚ ਕਸੂਰ ਗੋਡਿਆਂ ਦਾ ਨਹੀਂ ਹੁੰਦਾ।

ਲੂਣ ਦੇ ਇਸਤੇਮਾਲ ਉੱਤੇ ਕਾਬੂ ਰੱਖੋ। ਮਿੱਠੇ ਦਾ ਸੇਵਨ ਘਟਾਉਣਾ ਵੀ ਫ਼ਾਇਦੇਮੰਦ ਹੈ। ਐਂਟੀ-ਆਕਸੀਡੈਂਟ ਯੁਕਤ ਕੁਦਰਤੀ ਭੋਜਨ, ਹਰੀਆਂ ਸਬਜ਼ੀਆਂ, ਗਾਜਰਾਂ, ਤਰਾਂ, ਖੀਰਾ, ਗੂੜ੍ਹੇ ਰੰਗਾਂ ਵਾਲੇ ਫਲ, ਜਾਮਣ, ਚੈਰੀ ਆਦਿ, ਭੁੱਜੇ ਦਾਣੇ ਅਤੇ ਛੱਲੀਆਂ, ਸਿਹਤਮੰਦ ਚਰਬੀ ਵਾਲੇ ਭੋਜਨ, ਜਿਵੇਂ ਮੱਛੀ, ਮੂੰਗਫ਼ਲੀ ਅਤੇ ਵੜੇਵਿਆਂ ਦਾ ਤੇਲ ਆਦਿ।

**ਹੋਮਿਓਪੈਥਿਕ ਇਲਾਜ :** ਪ੍ਰਚਲਤ ਇਲਾਜ ਪ੍ਰਣਾਲੀ ਵਾਂਗ ਹੋਮਿਓਪੈਥੀ ਵਿੱਚ ਵੀ ਗੋਡਿਆਂ ਦੀਆਂ ਦਰਦਾਂ ਲਈ ਕਾਰਗਰ ਦਵਾਈਆਂ ਉਪਲਬਧ ਹਨ। ਕੁਝ ਦਵਾਈਆਂ ਜਿਵੇਂ ਬ੍ਰਾਈਓਨਿਆ, ਰੂਟਾ, ਰਸਟੌਕਸ, ਲੀਡਮ-ਪਾਲ, ਲਾਈਕੋਪੋਡੀਅਮ ਆਦਿ ਦਾ ਇਸਤੇਮਾਲ ਲੱਛਣਾਂ ਅਨੁਸਾਰ ਕੀਤਾ ਜਾ ਸਕਦਾ ਹੈ। ਪਰ, ਉਪਰੋਕਤ ਦਿੱਤੀ ਕਿਸੇ ਵੀ ਦਵਾਈ ਦਾ ਇਹ ਮਤਲਬ ਨਹੀਂ ਹੈ ਕਿ ਇਨ੍ਹਾਂ ਨੂੰ ਆਪਣੇ ਆਪ ਹੀ ਲੈ ਲਿਆ ਜਾਵੇ। ਕਿਸੇ ਪ੍ਰੋਫ਼ੈਸ਼ਨਲ ਹੋਮਿਓਪੈਥਿਕ ਡਾਕਟਰ ਦੀ ਮਦਦ ਨਾਲ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ।

ਹੋਮਿਓਪੈਥ ਆਰ.ਐੱਸ.ਸੈਣੀ ਆਪਣੀ ਕਲੀਨਿਕ ਵਿਖੇ ਅਜਿਹੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਸਮਝ ਕੇ ਅਤੇ ਢੁਕਵਾਂ ਵਿਸ਼ਲੇਸ਼ਣ ਕਰਨ ਉਪਰੰਤ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਦੇ ਹਨ। ਉਹ 1974 ਤੋਂ ਹੋਮਿਓਪੈਥੀ ਦੀ ਐਕਟਿਵ ਪ੍ਰੈਕਟਿਸ ਕਰਦੇ ਆ ਰਹੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਵੈਸਾਖੀ, ਅੰਮ੍ਰਿਤ ਅਤੇ ਖ਼ਾਲਸਾ ਸਾਜਨਾ ਦਿਵਸ ਤੇ ਵਿਸ਼ੇਸ਼

ਵੈਸਾਖੀ ਦਾ ਅਰਥ ਹੈ ਵਿਸ਼ਾਖਾ ਨਸ਼ੱਤ੍ਰ ਵਾਲੀ ਪੂਰਨਮਾਸ਼ੀ, ਸੂਰਜ ਦੇ ਹਿਸਾਬ ਵੈਸਾਖ ਮਹੀਨੇ ਦਾ ਪਹਿਲਾ ਦਿਨ। ਬ੍ਰਾਹਮਣੀ ਮੱਤ ਅਨੁਸਾਰ 27 ਨਸ਼ੱਤ੍ਰ ਹਨ, ਇਨ੍ਹਾਂ ਚੋਂ ਵੈਸਾਖ ਨਸ਼ੱਤ੍ਰ ਪਵਿਤਰ ਮੰਨਿਆਂ ਜਾਂਦਾ ਹੈ। ਬ੍ਰਾਹਮਣ ਨੇ ਚਾਰ ਪ੍ਰਮੁੱਖ ਤਿਉਹਾਰ ਮੰਨੇ ਹਨ- ਵੈਸਾਖੀ, ਦੁਹਸ਼ਹਿਰਾ, ਦੀਵਾਲੀ ਅਤੇ ਹੋਲੀ। ਕ੍ਰਮਵਾਰ ਵੈਸਾਖੀ ਬ੍ਰਾਹਮਣਾਂ, ਦੁਹਸ਼ਹਿਰਾ ਖੱਤਰੀਆਂ, ਦਿਵਾਲੀ ਵੈਸ਼ਾਂ ਅਤੇ ਹੋਲੀ ਸ਼ੂਦਰਾਂ ਦਾ ਤਿਉਹਾਰ ਮੰਨਿਆਂ ਗਿਆ ਹੈ। ਬ੍ਰਾਹਮਣੀ ਗ੍ਰੰਥਾਂ ਜਿਵੇਂ ਮੰਨੂ ਸਿਮਰਤੀ ਆਦਿਕ ਅਨੁਸਾਰ ਮਨੁੱਖਤਾ ਨੂੰ ਊਚ-ਨੀਚ, ਜਾਤ-ਪਾਤ, ਛੂਆ-ਛਾਤ, ਵਹਿਮ-ਭਰਮ, ਕਰਮ-ਕਾਂਡ ਵਿੱਚ ਵੰਡਿਆ ਗਿਆ, ਉਨ੍ਹਾਂ ਦੇ ਰੀਤੀ ਰਿਵਾਜ ਤੇ ਤਿਉਹਾਰਾਂ ਦੀਆਂ ਵੀ ਬ੍ਰਾਹਮਣ ਨੇ ਹੀ ਵੰਡੀਆਂ ਪਾਈਆਂ ਸਨ। ਇਸ ਸਾਰੀ ਵਰਣਵੰਡ ਨੂੰ ਕ੍ਰਾਂਤੀਕਾਰੀ ਭਗਤਾਂ ਅਤੇ ਸਿੱਖ ਗੁਰੂਆਂ ਖਤਮ ਕਰਕੇ, ਇਨ੍ਹਾਂ ਵਹਿਮਾਂ ਤੋਂ ਮਨੁੱਖਤਾ ਦਾ ਖਹਿੜਾ ਛੁਡਾਇਆ-ਨਾਨਕ ਵੈਸਾਖੀ ਪ੍ਰਭ ਪਾਵੈ ਸੁਰਤਿ ਸਬਦਿ ਮਨੁ ਮਾਨਾ॥(੧੧੦੮) ਵੈਸਾਖ ਦੇ ਮਹੀਨੇ ਦੁਆਰਾ ਵੀ ਸ਼ਬਦ ਸੁਰਤ ਰਾਹੀਂ ਪ੍ਰਭੂ ਨੂੰ ਪਾਉਂਣ ਦੀ ਗੱਲ ਕੀਤੀ ਹੈ ਨਾ ਕਿ ਕਿਸੇ ਪੁਜਾਰੀ ਬ੍ਰਾਹਮਣ ਜਾਂ ਭੇਖੀ ਸਾਧੂ-ਸੰਤ ਨੂੰ ਪੁੰਨ ਦਾਨ ਕਰਨ ਦੀ। ਗੁਰਸਿੱਖ ਕਿਸੇ ਮਹੀਨੇ ਜਾਂ ਥਿੱਤ ਵਾਰ ਦਾ ਪੁਜਾਰੀ ਨਹੀਂ, ਜੇ ਹੈ ਤਾਂ, ਉਹ ਗੁਰਸਿੱਖ ਨਹੀਂ ਹੋ ਸਕਦਾ ਸਗੋਂ ਗੁਰਬਾਣੀ ਅਨੁਸਾਰ ਉਹ ਮਹਾਂ ਮੂਰਖ ਹੈ-ਸਤਿਗੁਰੁ ਬਾਝਹੁ ਅੰਧ ਅੰਧਾਰ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥(੮੪੨) ਰੱਬ ਦੇ ਬਣਾਏ ਦਿਨ-ਰਾਤ, ਥਿੱਤ-ਵਾਰ, ਮਹੀਨੇ-ਸਾਲ ਸਾਰੇ ਹੀ ਭਲੇ ਹਨ-ਮਹਾ ਦਿਵਸ ਮੂਰ੍ਹਤ ਭਲੇ ਜਿਸ ਕਉ ਨਦਰਿ ਕਰੇ॥(੧੩੬)

ਮੌਸਮੀ ਤਿਉਹਾਰ ਵੈਸਾਖੀ ਦੇ ਮੇਲੇ ਤਾਂ ਪਹਿਲਾਂ ਵੀ ਲਗਦੇ, ਫਸਲ ਪੱਕਣ ਦੀ ਖੁਸ਼ੀ ਵਿੱਚ ਜੱਟ-ਜਿਮੀਦਾਰ ਭੰਗੜੇ ਪਉਂਦੇ ਅਤੇ ਬ੍ਰਾਹਮਣ ਨੂੰ ਦਾਨ ਪੁੰਨ ਕਰਦੇ ਸਨ। ਸਮਾਂ ਬਦਲਿਆ ਸਾਧਾਂ ਦੇ ਡੇਰਿਆਂ ਤੇ ਵੀ ਦਾਨ, ਵੈਸਾਖੀ ਮੇਲੇ ਤੇ ਗੌਣ ਵਾਲੀਆਂ ਅਤੇ ਤੂੰਬੀਆਂ ਵਾਲੇ ਵੀ ਬੁਲਾਏ ਜਾਣ ਲੱਗ ਪਏ। ਅੱਜ ਤਾਂ ਵੈਸਾਖੀ ਨਾਈਟਾਂ ਵੀ ਮਨਾਈਆਂ ਜਾਂਦੀਆਂ ਹਨ, ਵੱਡੇ-ਵੱਡੇ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹਨ। ਅੱਜ ਵੈਸਾਖੀ ਪੰਜਾਬੀ ਮੇਲੇ ਦੇ ਰੂਪ ਵਿੱਚ ਹੀ ਵੱਧ ਮਨਾਈ ਜਾ ਰਹੀ ਹੈ। ਵਿਚਾਰ ਕਰੀਏ ਕਿ ਫਿਰ ਵੈਸਾਖੀ ਨਾਲ ਸਿੱਖ ਕੌਮ ਦਾ ਕੀ ਸਬੰਧ ਹੈ?ਵੈਸਾਖੀ ਨਾਲ ਸਿੱਖ ਕੌਮ ਦਾ ਸਬੰਧ-ਮਨੁੱਖਤਾ ਦੇ ਸੱਚੇ-ਸੁੱਚੇ ਰਹਿਬਰ, ਸਿੱਖ ਕੌਮ ਦੇ ਬਾਨੀ, ਬਾਬੇ ਨਾਨਕ ਦਾ ਇੰਨਸਾਨੀ ਜਨਮ ਅਤੇ ਰੂਹਾਨੀ ਪ੍ਰਕਾਸ਼, ਵੈਸਾਖ ਮਹੀਨੇ ਵਿੱਚ ਹੋਇਆ ਅਤੇ ਦਸਵੇਂ ਜਾਮੇ ਵਿੱਚ ਖੰਡੇ ਦੀ ਪਾਹੁਲ ਦੇ ਕੇ, ਸਿੱਖ ਨੂੰ ਸਿੰਘ ਅਤੇ ਕੌਰ ਦੀ ਸੰਗਿਆ ਬਖਸ਼ਿਸ਼ ਦਰਦੇ, ਨਿਰਮਲ ਪੰਥ ਦੀ ਰੱਖੀ ਹੋਈ ਨੀਂਹ ਨੂੰ, ਖਾਲਸਾ ਪੰਥ ਦੇ ਰੂਪ ਵਿੱਚ, ਮਨੁੱਖੀ ਬਰਾਬਰਤਾ ਦੇਂਦੇ, ਸੰਨ 1699 ਦੀ ਵੈਸਾਖੀ ਨੂੰ ਮੁਕੰਮਲ ਕੀਤਾ। ਇਸ ਕਰਕੇ ਖ਼ਾਲਸੇ ਦੀ ਵੈਸਾਖੀ, ਥਿਤੀ ਵਾਰ ਵਾਲੀ ਬ੍ਰਾਹਮਣੀ ਵੈਸਾਖੀ ਨਾਲੋਂ ਵਿਲੱਖਣ ਅਤੇ ਮਹਾਨ ਹੈ। ਉਪ੍ਰੋਕਤ ਮਹਾਨਤਾ ਅਤੇ ਵਿਲੱਖਣਤਾ ਕਰਕੇ, ਵੈਸਾਖੀ ਨਾਲ ਸਿੱਖ ਕੌਮ ਦਾ ਸਿੱਧਾ ਸਬੰਧ ਹੈ। ਗੁਰੂ ਸਾਹਿਬਾਨ ਵੈਸਾਖੀ ਤੇ ਵਿਸ਼ੇਸ਼ ਜੋੜ ਮੇਲਾ ਕਰਿਆ ਕਰਦੇ ਸਨ। ਗੁਰ ਇਤਿਹਾਸ ਮੁਤਾਬਿਕ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਵੱਡੀ ਪੱਧਰ 'ਤੇ ਵੈਸਾਖੀ ਜੋੜ ਮੇਲਾ ਸ਼ੁਰੂ ਕੀਤਾ। ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਨੇ, ਇਸ ਦਿਨ ਖੰਡੇ ਦੀ ਪਾਹੁਲ ਦੇ ਕੇ, ਗੁਰਸਿੱਖਾਂ ਨੂੰ ਖ਼ਾਲਸੇ ਦੀ ਸੰਗਿਆ ਦਿੱਤੀ ਕਿਉਂਕਿ ਸਿੱਖ ਹੁਣ ਜਾਤਾਂ-ਪਾਤਾਂ, ਛੂਆ-ਛਾਤਾਂ, ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਦੀ ਮਿਲਾਵਟ ਤੋਂ ਖ਼ਾਲਸ ਹੋ ਚੁੱਕਾ ਸੀ। ਵੈਸਾਖੀ ਵਾਲੇ ਦਿਨ ਹੀ ਖ਼ਾਲਸਾ ਪੰਥ, ਸਰਬੱਤ ਖ਼ਾਲਸੇ ਦੇ ਰੂਪ ਵਿੱਚ ਇਕੱਤਰ ਹੋ ਕੇ, ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ, ਆਪਸੀ ਵਿਚਾਰ ਵਿਟਾਂਦਰੇ ਉਪ੍ਰੰਤ ਗੁਰਬਾਣੀ ਦੀ ਰੌਸ਼ਨੀ ਵਿੱਚ, ਗੁਰਮਤੇ ਪਾਸ ਕਰਦਾ ਅਤੇ ਅਭਿਲਾਖੀਆਂ ਨੂੰ ਖੰਡੇ ਦੀ ਪਾਹੁਲ ਦਿੰਦਾ ਸੀ। ਇਸ ਕਰਕੇ ਸਾਰੇ ਖਾਲਸਾ ਪੰਥ ਦੀ ਮਰਯਾਦਾ ਇੱਕ ਹੋਣ ਕਰਕੇ, ਖ਼ਾਲਸਾ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ। ਇਹ ਮਰਯਾਦਾ ਪਹਿਲਾਂ ਮਹੰਤਾਂ ਨੇ, ਅੰਗ੍ਰੇਜ਼ੀ ਸਰਕਾਰ ਰਾਹੀਂ ਗੁਰਦੁਆਰਿਆਂ ਉੱਤੇ ਕਾਬਜ਼ ਹੋ ਕੇ ਖਤਮ ਕੀਤੀ ਅਤੇ ਫਿਰ ਸਿੰਘਾਂ ਨੇ ਸਿੰਘ ਸਭਾ ਦੇ ਰੂਪ ਵਿੱਚ, ਇਨ੍ਹਾਂ ਹੰਕਾਰੀ, ਵਿਕਾਰੀ ਤੇ ਦੁਰਾਚਾਰੀ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢ ਕੇ ਬਹਾਲ ਕੀਤੀ। ਜਿਸ ਮਰਯਾਦਾ ਨੂੰ ਅਜੋਕੇ ਮਾਇਆਧਾਰੀ ਗਿਆਨ ਵਿਹੂਣੇ ਹੰਕਾਰੀ ਪ੍ਰਬੰਧਕਾਂ ਅਤੇ ਭੇਖੀ ਸਾਧਾਂ ਸੰਤਾਂ ਨੇ ਧੱਕੇ ਨਾਲ ਖਤਮ ਕਰ ਦਿੱਤਾ ਹੈ।

ਹੁਣ ਵੈਸਾਖੀ ਵਾਲੇ ਦਿਨ ਗੁਰਮਤੇ ਕਰਨ ਦੀ ਥਾਂ, ਪਾਠਾਂ ਦੀਆਂ ਲੜੀਆਂ ਚਲਾਈਆਂ ਜਾਂਦੀਆਂ, ਇੱਕ ਥਾਂ ਕਈ-2 ਇਕੱਠੇ ਪਾਠ ਰੱਖੇ ਜਾਂਦੇ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਅਖੰਡ ਪਾਠ ਕਰਾਉਂਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਹਨ। ਗੁਰਬਾਣੀ ਸਿੱਖਣ ਸਿਖਾਉਣ ਦੀ ਅਪੀਲ ਕੋਈ ਨਹੀਂ ਕੀਤੀ ਜਾਂਦੀ, ਐਸਾ ਕਿਉਂ? ਕੀ ਇਨ੍ਹਾਂ ਗੁਰਪੁਰਬਾਂ ਦਾ ਮਕਸਦ, ਪਾਠਾਂ ਦੀਆਂ ਲੜੀਆਂ ਚਲਾ ਕੇ, ਪੈਸਾ ਇੱਕਠਾ ਕਰਨਾ ਅਤੇ ਸੰਗਤਾਂ ਨੂੰ ਸਦਾ ਲਈ ਭਾੜੇ ਦੇ ਪਾਠੀਆਂ ਪੁਰ ਹੀ ਨਿਰਭਰ ਕਰਨਾ ਹੈ? ਅੱਜ ਸੈਂਕੜਿਆਂ ਚੋਂ ਕਿਸੇ ਇੱਕ ਗੁਰਦੁਆਰੇ ਵਿੱਚ ਹੀ, ਅਕਾਲ ਤਖ਼ਤ ਤੋਂ ਪ੍ਰਵਾਣਿਤ ਮਰਯਾਦਾ ਲਾਗੂ ਏ, ਬਾਕੀ ਸਭ ਗੁਰਦੁਆਰਿਆਂ ਵਿੱਚ ਮਹੰਤੀ ਅਤੇ ਸੰਪ੍ਰਦਾਈ ਮਰਯਾਦਾ ਹੀ ਚਲਾਈ ਜਾਂਦੀ ਹੈ ਭਾਵੇਂ ਕਿ ਅਜੋਕੀ ਮਰਯਾਦਾ ਵਿੱਚ ਵੀ ਸੁਧਾਰ ਦੀ ਲੋੜ ਹੈ। ਬਹੁਤੇ ਸਿੱਖ, ਅਗਿਆਨਤਾ, ਵਹਿਮ-ਭਰਮ, ਚੌਧਰ ਅਤੇ ਪਦਾਰਥਕ ਨੀਂਦ ਵਿੱਚ ਸੁੱਤੇ ਪਏ ਹਨ। ਗੁਰਬਾਣੀ ਦੇ ਅਸਲੀ ਮਨੋਰਥ ਨੂੰ ਛੱਡ ਕੇ, ਸਾਧਾਂ ਦੀਆਂ ਬਣਾਈਆਂ ਮਨੋ ਕਲਪਿਤ ਕਹਾਣੀਆਂ ਹੀ, ਗੁਰੂ ਘਰਾਂ ਵਿੱਚ ਪ੍ਰਚਾਰੀਆਂ ਜਾ ਰਹੀਆਂ ਹਨ। ਵੈਸਾਖੀ ਦੇ ਅਸਲੀ ਸੰਦੇਸ਼ ਨੂੰ, ਕਰਮ ਕਾਂਡਾਂ ਦੇ ਚਿੱਕੜ ਵਿੱਚ ਰੋਲਿਆ ਜਾ ਰਿਹਾ ਹੈ। ਪਿਆਰੇ ਖ਼ਾਲਸਾ ਜੀ! ਵੈਸਾਖੀ ਦੀ ਵਿਲੱਖਣ ਮਹਾਨਤਾ ਨੂੰ ਸਮਝ ਕੇ, ਸਿੱਖ ਕੌਮ ਵਿੱਚ ਆ ਵੜੇ ਬ੍ਰਾਹਮਣੀ, ਸੰਪ੍ਰਦਾਈ ਕਰਮਕਾਂਡਾਂ ਤੋਂ ਖਹਿੜਾ ਛੁਡਾਈਏ ਅਤੇ ਗੁਰਬਾਣੀ ਦੇ ਸੱਚੇ ਸੁੱਚੇ ਵਿਚਾਰਾਂ ਦੀ ਮਰਯਾਦਾ ਨੂੰ ਧਾਰਨ ਕਰੀਏ।

ਖ਼ਾਲਸਾ ਸ਼ਬਦ ਦੀ ਮਹਾਨਤਾ-ਅਰਬੀ ਭਾਸ਼ਾ ਵਿੱਚ ਖ਼ਾਲਸਾ ਲਫ਼ਜ਼ ਦਾ ਅਰਥ ਨਿਰੋਲ, ਸ਼ੁੱਧ, ਖਰਾ, ਬਿਨਾ ਕਿਸੇ ਮਿਲਾਵਟ ਅਤੇ ਪੰਥ ਦਾ ਅਰਥ ਹੈ ਇੱਕਸਾਰਤ-ਰਸਤਾ।ਖ਼ਾਲਸਾ ਦਾ ਮਤਲਬ ਇਹ ਵੀ ਹੈ ਕਿ ਉਹ ਜ਼ਮੀਨ ਜਾਂ ਮੁਲਕ ਜਿਸ ਦਾ ਬਾਦਸ਼ਾਹ ਨਾਲ ਸਿੱਧਾ ਸਬੰਧ ਹੋਵੇ, ਜੋ ਹੋਰ ਕਿਸੇ ਵੀ ਜਗੀਰਦਾਰ ਜਾਂ ਜਿਮੀਦਾਰ ਦੇ ਕਬਜੇ ਅੰਦਰ ਨਹੀਂ(ਮਹਾਨ ਕੋਸ਼) ਸੋ ਸਿੱਖ ਗੁਰੂਆਂ ਤੋਂ ਪਹਿਲਾਂ, ਭਗਤਾਂ ਨੇ ਵੀ ਖ਼ਾਲਸਾ ਲਫ਼ਜ਼ ਦੀ ਵਰਤੋਂ ਕੀਤੀ-ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (੬੫੫) ਜਿਨ੍ਹਾਂ ਨੇ ਪ੍ਰੇਮਾਂ ਭਗਤੀ ਭਾਵ ਖਲਕਤ ਵਿੱਚ ਵਸਦੇ ਰੱਬੀ ਪਿਆਰ ਨੂੰ ਜਾਣ ਲਿਆ ਹੈ, ਉਹ ਖ਼ਾਲਸੇ ਹਨ। ਦੇਖੋ! ਅੱਜ ਸਾਡੇ ਬਹੁਤੇ ਭਾਈ, ਕੇਵਲ ਤੇ ਕੇਵਲ ਪੰਜ ਕਕਾਰੀ ਬਾਣਾਧਾਰੀਆਂ ਨੂੰ ਹੀ ਖ਼ਾਲਸਾ ਸਮਝਦੇ ਜਾਂ ਆਖਦੇ ਤੇ ਬਾਕੀ ਹੋਰਾਂ ਨੂੰ ਨਹੀਂ, ਭਾਂਵੇਂ ਉਹ ਗੁਰਬਾਣੀ ਦੇ ਅਤਿਅੰਤ ਰਸੀਏ ਵੀ ਕਿਉਂ ਨਾਂ ਹੋਣ। ਗੁਰਬਾਣੀ ਅਨੁਸਾਰ ਤਾਂ-ਸਰਬ ਧਰਮ ਮਹਿ ਸ੍ਰੇਸਟਿ ਧਰਮੁ॥ ਹਰਿ ਕੋ ਨਾਮਿ ਜਪਿ ਨਿਰਮਲ ਕਰਮੁ॥(ਸੁਖਮਨੀ) ਰੱਬ ਦਾ ਨਾਮ ਜਪਣਾ ਅਤੇ ਨਿਰਮਲ ਕਰਮ ਕਰਨੇ ਹੀ ਸਰਬ ਸਾਂਝਾ ਸ੍ਰੇਸ਼ਟ ਧਰਮ ਹੈ। ਐਸੇ ਸਰਬ ਸਾਂਝੇ ਧਰਮ ਦਾ ਧਾਰਨੀ ਖ਼ਾਲਸਾ ਕਿਉਂ ਨਹੀਂ ਹੋ ਸਕਦਾ? ਕੀ ਸਾਨੂੰ ਗੁਰਬਾਣੀ ਤੇ ਵਿਸ਼ਵਾਸ਼ ਨਹੀਂ? ਗੁਰਬਾਣੀ ਤਾਂ ਪ੍ਰੇਮਾ ਭਗਤੀ ਕਰਨ ਵਾਲਿਆਂ ਨੂੰ ਖ਼ਾਲਸਾ ਕਹੇ ਰਹੀ ਹੈ। ਜੇ ਹਿਰਦੇ ਵਿੱਚ ਪ੍ਰੇਮ ਨਹੀਂ ਦਵੈਸ਼ ਹੈ ਤਾਂ ਖ਼ਾਲਸਾ ਨਹੀਂ ਹੋ ਸਕਦਾ। ਖ਼ਾਲਸੇ ਦਾ ਮਤਲਬ ਹੈ ਖ਼ਾਲਸ, ਮਿਲਾਵਟ ਰਹਤ, ਜਿਸ ਦਾ ਅਕਾਲ ਪੁਰਖ ਨਾਲ ਸਿੱਧਾ ਸਬੰਧ ਹੈ। ਅੱਜ ਆਪਣੇ ਆਪ ਨੂੰ ਖ਼ਾਲਸਾ ਕਹਿਣ ਵਾਲਿਆਂ ਵਿੱਚ, ਬ੍ਰਾਹਮਣੀ ਕਰਮ ਕਾਂਢਾਂ ਦੀ ਮਿਲਾਵਟ ਅਤੇ ਅਕਾਲ ਪੁਰਖ ਨਾਲ ਸਿੱਧੇ ਸਬੰਧ ਦੀ ਥਾਂ, ਸਾਧਾਂ ਤੇ ਸੰਪ੍ਰਦਾਈਆਂ ਨਾਲ ਗੂੜਾ ਸਬੰਧ ਵੀ ਹੈ ਜੋ ਬਹੁਤੇ ਹੰਕਾਰ ਤੇ ਗੁੱਸੇ ਨਾਲ ਭਰੇ ਪੀਤੇ ਰਹਿੰਦੇ ਹਨ। ਅੰਮ੍ਰਿਤ ਛੱਕ ਕੇ ਵੀ, ਉਨ੍ਹਾਂ ਅੰਦਰੋਂ, ਜਾਤ-ਪਾਤ ਦਾ ਅਭਿਮਾਨ ਨਹੀਂ ਗਿਆ ਕਿ ਅਸੀਂ ਜੱਟ, ਰਾਮਗੜੀਏ ਹਾਂ, ਫਲਾਨੇ ਤਾਂ ਮਜ਼ਬੀ ਅਤੇ ਰਵਿਦਾਸੀਏ ਹਨ। ਕੀ ਅਜਿਹੇ ਲੋਕ ਗੁਰੂ ਦੇ ਖ਼ਾਲਸੇ-ਸਿੱਖ ਹੋ ਸਕਦੇ ਹਨ? ਉੱਤਰ ਕਦਾਚਿੱਤ ਵੀ ਨਹੀਂ। ਗੁਰੂ ਨੇ ਤਾਂ ਇਕੋ ਸੰਗਤ ਪੰਗਤ ਵਿੱਚ ਬੈਠਾਇਆ, ਖਵਾਇਆ ਅਤੇ ਇਕੋ ਬਾਟੇ ਵਿੱਚ ਰੱਬੀ ਬਾਣੀ ਦਾ ਅੰਮ੍ਰਿਤ ਪਿਲਾ ਕੇ, ਜਾਤ-ਪਾਤ ਅਤੇ ਸੁੱਚ-ਭਿੱਟ ਖਤਮ ਕੀਤੀ। ਕੀ ਅੱਜ ਖ਼ਾਲਸਾ ਕਹਾਉਣ ਵਾਲਿਆਂ ਨੇ, ਜਾਤ-ਪਾਤ ਦੀ ਵੀਚਾਰ ਛੱਡ ਦਿੱਤੀ ਅਤੇ ਜਾਤ ਪਾਤ ਤੋਂ ਉੱਪਰ ਉੱਠ ਕੇ ਰਿਸ਼ਤੇਦਾਰੀਆਂ ਕਾਇਮ ਕੀਤੀਆਂ ਹਨ? ਕੀ ਜੱਟ ਖਾਲਸੇ ਨੇ ਆਪਣੀ ਧੀ ਦਾ




ਰਿਸ਼ਤਾ, ਚਮਾਰ ਖਾਲਸੇ ਦੇ ਪੁੱਤਰ ਨੂੰ ਕੀਤਾ ਹੈ? ਜਦ ਕਿ ਜੱਟ ਚਮਾਰ ਵਾਲਾ ਜਾਤ-ਪਾਤੀ ਵਿਤਕਰਾ ਬ੍ਰਾਹਮਣ ਦੀ ਉਪਜ ਅਤੇ ਗੁਰਮਤਿ ਅਨੁਸਾਰ ਰੱਬ ਦੇ ਪੈਦਾ ਕੀਤੇ ਇਸਤ੍ਰੀ-ਪੁਰਸ਼ਾਂ ਦੀ ਇੱਕ ਹੀ ਮਨੁੱਖਾ ਜਾਤ ਹੈ।ਅੱਜ ਦਾ ਖ਼ਾਲਸਾ ਅੱਗ, ਤੇਲ ਜਾਂ ਘਿਓ ਦੀ ਜੋਤ ਦੀ ਪੂਜਾ ਕਰ ਰਿਹਾ ਹੈ ਜੋ ਹੱਥੀਂ ਬਾਲੀ ਤੇ ਬੁਝ ਵੀ ਜਾਂਦੀ ਹੈ। ਗੁਰੂ ਤਾਂ ਉਸ ਜੋਤ ਦੀ ਗੱਲ ਕਰਦੇ ਨੇ ਜੋ ਸਭ ਵਿੱਚ ਸਭ ਥਾਂ ਸਦੀਵ ਜਗਦੀ ਅਤੇ ਚਾਨਣ ਕਰਦੀ ਹੈ-ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸੁ ਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥(੬੬੩) ਅੱਜੋਕਾ ਖ਼ਾਲਸਾ ਸ਼ਹੀਦਾਂ ਦੀਆਂ ਮੜ੍ਹੀਆਂ ਉੱਤੇ ਜੋਤਾਂ-ਦੀਵੇ ਜਗਾਉਂਦਾ, ਤੀਰਥਾਂ ਤੇ ਯਾਤਰਾ ਕਰਦਿਆਂ, ਵੇਹਲੜਾਂ ਨੂੰ ਕੁਥਾਂਏਂ ਦਾਨ ਕਰ ਰਿਹਾ ਹੈ। ਕੀੜੀਆਂ, ਜੂੰਆਂ, ਸੱਪਾਂ ਆਦਿਕ ਤੇ ਤਾਂ ਦਇਆ ਕਰਦੈ ਪਰ ਆਪਣੇ ਹੀ ਧਰਮ ਭਾਈਆਂ ਦਾ ਹੱਕ ਮਾਰ ਕੇ, ਲੋੜਵੰਦ ਕਾਮਿਆਂ ਦਾ ਖ਼ੂਨ ਪੀਂਦਾ, ਨੰਗੇ ਪੈਰੀਂ ਚੱਲਣ, ਚਾਲੀਸੇ ਕੱਟਣ, ਗਿਣਤੀ ਮਿਣਤੀ ਦੇ ਪਾਠ ਅਤੇ ਸੰਪਟ ਪਾਠਾਂ ਦੇ ਜਪ ਤਪ ਕਰ ਰਿਹਾ ਹੈ। ਕੀ ਐਸਾ ਅੰਧ ਵਿਸ਼ਵਾਸ਼ੀ ਤੇ ਕਰਮਕਾਂਡੀ ਸਿੱਖ, ਖ਼ਾਲਸਾ ਹੋ ਸਕਦਾ ਹੈ? ਉੱਤਰ ਕਦਾਚਿੱਤ ਨਹੀਂ। ਅੱਜ ਦਾ ਖਾਲਸਾ ਭਰਮੀ ਹੁੰਦਾ ਜਾ ਰਿਹਾ ਹੈ ਜਿਵੇਂ-ਸੰਗ੍ਰਾਂਦ ਦਾ ਦਿਨ ਹੀ ਪਵਿਤ੍ਰ ਹੈ, ਬਿੱਲੀ ਰਸਤਾ ਕੱਟ ਗਈ ਦਾ ਭਰਮ, ਦਿਸ਼ਾ ਦਾ ਭਰਮ ਕਿ ਇੱਧਰ ਨੂੰ ਮੂੰਹ ਕਰਕੇ ਹੀ ਪਾਠ ਰੱਖਣਾ ਹੈ ਓਧਰ ਨੂੰ ਨਹੀਂ। ਰੋਟੀ ਕੇਵਲ ਤੱਪੜਾਂ ਤੇ ਬੈਠ ਕੇ ਖਾਣਾ ਹੀ ਧਰਮ ਅਤੇ ਕੁਰਸੀਆਂ ਮੇਜਾਂ ਤੇ ਖਾਣ ਨਾਲ ਧਰਮ ਟੁੱਟ ਜਾਵੇਗਾ। ਗੁਰੂ ਮਹਾਂਰਾਜ ਦੀ ਸਵਾਰੀ ਅੱਗੇ ਬੂੰਦ ਬੂੰਦ ਪਾਣੀ ਛਿਟਕਣਾ ਕਿ ਧਰਤੀ ਪਵਿਤ੍ਰ ਹੋਵੇ ਜਦ ਕਿ ਜਦੋਂ ਰਸਤੇ ਕੱਚੇ ਹੁੰਦੇ ਸਨ, ਓਦੋਂ ਧੂੜ ਬੈਠਾਉਣ ਲਈ ਖੁੱਲ੍ਹਾ ਪਾਣੀ ਤ੍ਰੌਂਕਿਆ ਜਾਂਦਾ ਸੀ। ਅੱਜ ਪੱਕੇ ਘਰਾਂ, ਪੱਕੀਆਂ ਸੜਕਾਂ ਅਤੇ ਕਾਰਾਂ ਉੱਤੇ ਪਾਣੀ ਛਿੜਕਣਾ ਭਰਮ ਨਹੀਂ ਤਾਂ ਹੋਰ ਕੀ ਹੈ? ਭਰਮ ਭੇਖ ਤੇ ਰਹੇ ਨਿਆਰਾ ਭਾਵ ☞

*In loving Memory of*
*Sardarni Harbhajan Kaur Saran*



*May 10th, 1945 – Mar 31st, 2023*

**Ghale Aavahi Naankaa Sade Uthee Jaahi**

With heavy hearts we announce the passing away of our mother Sardarni Harbhajan Kaur Saran. Funeral Services will be held at Riverside Funeral Home (7410 Hopcott Road Delta, BC) on April 15th at1pm Followed by prayer service at Nanaksar Gurudwara (18691 Westminster Hwy Richmond, BC)
ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ:604-825-1400
*For those unable to attend, please join the service via the link below:*
https://youtube.com/live/euwt2LFSxo0?feature=share

**FEEL GREAT SYSTEM**

ਕੀ ਤੁਸੀਂ ਵੀ ਇਹਨਾਂ ਸਮੱਸਿਆਵਾਂ ਨਾਲ ਜੂਝ ਰਹੇ ਹੋ?

- ✓ ਸ਼ੁਗਰ ਕੰਟਰੋਲ
- ✓ ਕੋਲੈਸਟ੍ਰੋਲ ਕੰਟਰੋਲ
- ✓ ਥਾਇਰਾਇਡ ਕੰਟਰੋਲ
- ✓ ਮਾਈਗਰੇਨ ਕੰਟਰੋਲ
- ✓ ਬਲੱਡ ਪ੍ਰਰੈਸ਼ਰ ਕੰਟਰੋਲ
- ✓ ਭਾਰ ਕੰਟਰੋਲ
- ✓ ਜੋੜਾਂ ਦਾ ਦਰਦ
- ✓ ਸਰੀਰ ਵਿੱਚ ਥਕਾਵਟ ਰਹਿਣਾ
- ✓ ਹਾਰਮੋਨਲ ਅਸੰਤੁਲਨ
- ✓ PCOS/PCOD
- ✓ ਪਾਚਨ ਸੰਬੰਧੀ ਸਮੱਸਿਆਵਾਂ

**ARE YOU FIGHTING WITH THESE PROBLEMS:**

- ✓ Diabetes Control
- ✓ Cholesterol Control
- ✓ Thyroid Control
- ✓ Migraine Control
- ✓ Blood Pressure Control
- ✓ Weight Control
- ✓ Joints Pain
- ✓ Low Energy
- ✓ Hormonal Imbalance
- ✓ PCOS/PCOD
- ✓ Digestive Problems

**If you want good health do not wait just call +1604-537-9744 after 4:30 pm or msg on whatsaap**

**WE HAVE GOT ONE STOP SOLUTION FOR ALL THESE PROBLEMS AND IT'S 100% NATURAL PLANT BASED**

ਭੇਖ ਨੂੰ ਹੀ ਧਰਮ ਨਾਂ ਸਮਝ ਲਵੇ। ਕ੍ਰਿਪਾਨ ਉੱਤਰ ਗਈ, ਕੰਘਾ ਡਿੱਗ ਪਿਆ, ਕਛਹਿਰਾ ਦੋਹਾਂ ਪੈਰਾਂ ਚੋਂ ਲਹਿ ਗਿਆ ਤਾਂ ਅੰਮ੍ਰਿਤ ਟੁੱਟ ਗਿਆ ਦਾ ਭਰਮ, ਮਾਸ ਖਾਣ ਜਾਂ ਨਾ ਖਾਣ ਦਾ ਭਰਮ, ਕ੍ਰਿਪਾਨ ਨਾ ਲਹੁਣਾ ਦਾ ਭਰਮ ਫਿਰ ਭਾਰਤ ਤੋਂ ਬਾਹਰ ਜਾਂ ਭਾਰਤ ਵਿੱਚ ਵੀ, ਹਵਾਈ ਸਫਰ ਤਾਂ ਕਰ ਹੀ ਨਹੀਂ ਸਕਦਾ। ਜਰਾ ਸੋਚੋ! ਪੰਜ ਕਕਾਰ ਫੌਜੀ ਖ਼ਾਲਸੇ ਦੀ ਵਰਦੀ ਹੈ, ਫੌਜੀ ਡਿਊਟੀ ਸਮੇਂ ਅਤੇ ਵਿਦਿਆਰਥੀ ਸਕੂਲ ਸਮੇ ਹੀ ਵਰਦੀ ਪਹਿੰਨਦੇ ਹਨ ਹਰ ਵੇਲੇ ਨਹੀਂ, ਇਵੇਂ ਹੀ ਖ਼ਾਲਸੇ ਦੀ ਵਰਦੀ ਹੈ ਜੇ ਕਿਤੇ ਲੋੜ ਪੈਣ ਤੇ ਲਾਹੁਣੀ ਵੀ ਪਵੇ ਤਾਂ ਭਰਮ ਨਹੀਂ ਕਰਨਾ। ਕ੍ਰਿਪਾਨ ਪਹਿਨ ਕੇ ਅਸੀਂ ਘੋਲ ਕਬੱਡੀ ਆਦਿਕ ਖੇਡਾਂ ਖੇਡ ਹੀ ਨਹੀਂ ਸਕਦੇ ਕਿਉਂਕਿ ਇਸ ਦਾ ਆਪਣੇ ਆਪ ਨੂੰ ਲੱਗਣ ਦਾ ਵੀ ਡਰ ਰਹਿੰਦਾ ਅਤੇ ਦੂਜੇ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਨ੍ਹਾਉਣ ਵੇਲੇ ਕਦੇ ਕ੍ਰਿਪਾਨ ਸਿਰ ਤੇ, ਕਦੇ ਲੱਕ ਨਾਲ ਬੰਨਣਾ, ਭਰਮ ਨਹੀਂ ਤਾਂ ਹੋਰ ਕੀ ਹੈ? ਕੀ ਕੋਈ ਫੌਜੀ ਜਾਂ ਸਕੂਲ ਦਾ ਵਿਦਿਆਰਥੀ ਵਰਦੀ ਸਮੇਤ ਨ੍ਹਾਉਂਦਾ ਹੈ?

ਖ਼ਾਲਸਾ ਸ਼ਬਦ ਔਰਤ ਤੇ ਮਰਦ ਦੋਹਾਂ ਲਈ ਸਾਂਝਾ-ਔਰਤ ਲਈ ਕਿਤੇ ਖ਼ਾਲਸੀ ਸ਼ਬਦ ਨਹੀਂ ਵਰਤਿਆ ਗਿਆ, ਫਿਰ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਅਤੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਣ ਦੀ ਸੇਵਾ, ਖ਼ਾਲਸਾ ਔਰਤ ਨੂੰ ਕਿਉਂ ਨਹੀਂ ਦਿੱਤੀ ਜਾਂਦੀ? ਔਰਤ ਮਾਂ ਹੈ ਜਿਸ ਨੇ ਬੱਚੇ ਨੂੰ ਜਨਮ ਦਿੱਤਾ, ਉਹ ਨੀਵੀਂ ਕਿਵੇਂ ਹੋ ਗਈ? ਸੰਪ੍ਰਦਾਈ ਅਤੇ ਡੇਰੇਦਾਰ ਔਰਤ ਨੂੰ ਗਲੀਚ ਕਹਿੰਦੇ ਹਨ ਕਿ ਉਸ ਨੂੰ ਮਾਂਹਵਾਰੀ ਅਉਂਦੀ ਹੈ ਪਰ ਜਰਾ ਸੋਚੋ ਆਦਮੀ ਦੇ ਮਨ ਵਿੱਚ ਵੀ ਤਾਂ ਬੁਰੇ ਵਿਚਾਰ ਆਉਂਦੇ ਹੀ ਰਹਿੰਦੇ ਹਨ, ਫਿਰ ਆਦਮੀ ਕਿਵੇਂ ਪਵਿਤ੍ਰ ਰਹਿ ਗਿਆ ਅਤੇ ਔਰਤ ਮਲੀਨ ਹੋ ਗਈ? ਜਦ ਕਿ ਮਹਾਂਵਾਰੀ ਕੁਦਰਤੀ ਕਿਰਿਆ ਹੈ। ਸੋ ਜੋ ਪ੍ਰਾਣੀ ਅਜਿਹੇ ਭਰਮਾਂ ਤੋਂ ਉਪਰ ਉੱਠ, ਪ੍ਰੇਮਾ ਭਗਤੀ ਕਰੇ ਉਹ ਖਾਲਸਾ ਹੈ ਅਤੇ ਜੋ ਪੰਜ ਕਕਾਰ ਧਾਰਨ ਕਰਕੇ, ਖੰਡੇ ਦੀ ਪਾਹੁਲ ਗੁਰਬਾਣੀ ਦੇ ਨਾਮ ਅੰਮ੍ਰਿਤ ਰਾਹੀਂ ਲਵੇ, ਉਹ ਫੌਜੀ ਖ਼ਾਲਸਾ ਹੈ। ਅੱਜ ਦਾ ਫੌਜੀ ਖ਼ਾਲਸਾ ਸ਼ਸਤਰ ਵਿਦਿਆ ਤੋਂ ਵਿਹੂਣਾ ਹੈ ਕਿਉਂਕਿ ਉਹ ਸ਼ਸ਼ਤਰਾਂ ਦੀ ਸਜੋਗ ਵਰਤੋਂ ਕਰਨ ਦੀ ਥਾਂ, ਪੂਜਾ ਕਰਨ ਲੱਗ ਪਿਆ ਹੈ। ਖ਼ਾਲਸੇ ਨੂੰ ਸਮੇਂ ਅਨੁਸਾਰ ਨਵੀਨ ਸ਼ਸ਼ਤਰਾਂ ਨੂੰ ਵੀ ਸਿੱਖਣਾ ਚਾਹੀਦਾ ਹੈ ਨਾਂ ਕਿ ਇਕੱਲੇ ਕ੍ਰਿਪਾਨ ਪਹਿਨ ਕੇ ਹੀ, ਸ਼ਸ਼ਤ੍ਰਧਾਰੀ ਹੋਣ ਦਾ ਭਰਮ ਪਾਲਣਾ ਚਾਹੀਦਾ ਹੈ।ਅੰਮ੍ਰਿਤ ਦੀ ਵਿਆਖਿਆ-ਅੰਮ੍ਰਿਤ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਪ੍ਰਕਰਣ ਅਨੁਸਾਰ ਵੱਖ-ਵੱਖ ਅਰਥ ਹਨ ਪਰ ਮੇਨ ਅਰਥ ਪ੍ਰਮੇਸ਼ਰ ਦਾ ਨਾਮ ਹੀ ਹੈ ਜਿਵੇਂ-ਅੰਮ੍ਰਿਤ ਨਾਮੁ ਪ੍ਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥ (੬੧੬) ਅੰਮ੍ਰਿਤ ਬਾਣੀ ਅਮਿਉ ਰਸੁ, ਅੰਮ੍ਰਿਤੁ ਹਰਿ ਕਾ ਨਾਉ॥ (੯੬੩) ਅੰਮ੍ਰਿਤ ਹਰਿ ਕਾ ਨਾਮੁ ਹੈ ਮੇਰੀ ਜਿੰਦੜੀਏ, ਅੰਮ੍ਰਿਤ ਗੁਰਮਤਿ ਪਾਇ ਰਾਮ॥ (੫੩੮) ਅੰਮ੍ਰਿਤੁ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ॥ (੩੧੮) ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥ ਨਾਨਕ ਅੰਮ੍ਰਿਤ ਨਾਮ ਸਦਾ ਸੁਖ ਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥ (੧੧੮) ਹੋਰ ਪਦਾਰਥਾਂ ਨੂੰ ਵੀ ਅੰਮ੍ਰਿਤ ਕਿਹਾ ਗਿਆ ਹੈ ਜਿਵੇਂ ਮੱਖਣ-ਰਸਨਾ ਨਾਮਿ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤ ਪਾਵਹੁ॥ (੭੨੮) ਦੁੱਧ-ਸੋਇਨ ਕਟੋਰੀ ਅੰਮ੍ਰਿਤ ਭਰੀ॥ (੧੧੬੩) ਮਿਠਾਸ-ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ॥ (੬੯) ਸੁਵਾਦਿਸ਼ਟ ਭੋਜਨ-ਜਿਹ ਪ੍ਰਸਾਦਿ ਛਤਹੀ ਅੰਮ੍ਰਿਤ ਖਾਹਿ॥ (੨੬੯) ਅਮਰ-ਹਰਿ ਅੰਮ੍ਰਿਤ ਸਜਣ ਮੇਰਾ॥ (ਗੁਰੂ ਗ੍ਰੰਥ) ਪ੍ਰਮੇਸ਼ਰ ਤੇ ਪ੍ਰਮੇਸ਼ਰ ਦਾ ਨਾਮ ਅਮਰ ਹੈ ਜੋ ਇਸ ਨੂੰ ਜਪਦੇ ਤੇ ਧਾਰਦੇ ਨੇ, ਉਹ ਵੀ ਅਮਰ ਹੋ ਜਾਂਦੇ ਹਨ। ਇਹ ਪਦਵੀ ਗੱਲੀਂ ਬਾਤੀਂ ਨਹੀਂ ਪਾਈ ਜਾ ਸਕਦੀ ਜਿਵੇਂ-ਖਾਂਡ ਖਾਂਡ ਕਹੈ ਜਿਹਬਾ ਨਾ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ। ਅਮਰ ਅਮਰ ਕਹੈ ਪਾਈਐ ਨਾ ਅਮਰ ਪਦ, ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨਾ ਚਾਖੀਐ (ਭਾ.ਗੁ) ਅੰਮ੍ਰਿਤ ਕਿੱਥੇ ਹੈ ਅਤੇ ਕਿੱਥੋਂ ਮਿਲਦਾ ਹੈ? ਅੰਮ੍ਰਿਤ ਸਾਡੇ ਅੰਦਰ ਹੈ ਜਿਸ ਨੂੰ ਸ਼ਬਦ ਗੁਰੂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ-ਸਬਦੁ ਗੁਰ ਪੀਰਾ ਗਹਿਰ ਗੰਭੀਰਾ॥ ਬਿਨਿ ਸਬਦੈ ਜਗੁ ਬਉਰਾਨੰ॥ (੬੩੫) ਭੇਖ ਤੋਂ ਉੱਪਰ ਉੱਠ ਕੇ ਸ਼ੁਭ ਗੁਣ ਧਾਰਨੇ ਹੀ ਅੰਮ੍ਰਿਤ ਪੀਣਾ ਹੈ।

### ਅੰਮ੍ਰਿਤ ਬਾਰੇ ਗੁਰਬਾਣੀ ਉਪਦੇਸ਼

੧. ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤ ਗੁਰ ਪਾਹੀਂ ਜੀਉ॥ ਛੋਡਹੁ ਵੇਸੁ ਭੇਖੁ ਚਤੁਰਾਈ, ਦੁਬਿਧਾ ਇਹੁ ਫਲੁ ਨਾਹੀਂ ਜੀਉ॥੧॥ ਮਨ ਰੇ! ਥਿਰ ਰਹੁ, ਮਤੁ ਕਤ ਜਾਹੀ ਜੀਉ॥ ਬਾਹਰਿ ਢੂਢਤ ਬਹੁਤ ਦੁਖ ਪਾਵਹਿ, ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ (੫੯੮) ੨. ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸ਼ਬਦੇ ਕਾਢਿ ਪੀਐ ਪਨਿਹਾਰੀ॥ (੫੭੦) ੩. ਜੇਤੇ ਘਟਿ ਅੰਮ੍ਰਿਤੁ ਸਭ ਹੀ ਮਹਿ, ਭਾਵਹਿ ਤਿਸਹਿ ਪੀਆਈ॥ (੧੧੨੩) ੪. ਨਾਨਕ ਅੰਮ੍ਰਿਤੁ ਮਨੈ ਮਾਹਿ, ਪਾਈਐ ਗੁਰ ਪਰਸਾਦਿ॥ (੧੨੩੮) ੫. ਅੰਦਰੁ ਅੰਮ੍ਰਿਤਿ ਭਰਪੂਰ ਹੈ ਚਾਖਿਆਂ ਸਾਦ ਜਾਪੈ॥ (੧੦੯੨)ਸੋ ਗੁਰਬਾਣੀ ਅਨੁਸਾਰ ਪ੍ਰਮੇਸ਼ਰ ਦਾ ਨਾਮ, ਚੰਗੇ ਗੁਣ, ਚੰਗਾ ਭੋਜਨ, ਸਫਲ ਸੇਵਾ ਅਤੇ ਰੱਬ ਦੀ ਸਿਫਤੋ ਸਲਾਹ ਹੀ ਅੰਮ੍ਰਿਤ ਹੈ, ਜਿਸ ਦੀ ਪ੍ਰਾਪਤੀ ਗੁਰੂ ਗਿਆਨ ਦੁਆਰਾ ਹੁੰਦੀ ਹੈ। ਅੱਜ ਅਸੀਂ ਮਨ ਮਰਜੀ ਦੇ ਅੰਮ੍ਰਿਤ ਪੀ ਰਹੇ ਹਾਂ ਜਿਵੇਂ ਚਰਨ ਅੰਮ੍ਰਿਤ-ਧਰਮ ਅਸਥਾਨਾਂ ਦੇ ਬਾਹਰ ਪੈਰ ਦੋਣ ਵਾਲੇ ਚੁਬੱਚੇ ਚੋਂ ਪੈਰਾਂ ਦੇ ਧੋਣ (ਗੰਦੇ ਪਾਣੀ), ਕਿਸੇ ਘੜੇ ਜਾਂ ਸ਼ੀਸੀ ਬੋਤਲ ਵਿੱਚ ਪਾ ਰੱਖੇ ਅਤੇ ਸਰੋਵਰਾਂ ਦੇ ਪਾਣੀ ਨੂੰ ਹੀ ਅੰਮ੍ਰਿਤ ਸਮਝ ਪੀ ਰਹੇ ਹਾਂ। ਜੇ ਅਸੀਂ ਗੁਰੂ ਦਾ ਅੰਮ੍ਰਿਤ ਛਕਦੇ ਹਾਂ ਤਾਂ ਉਸ ਵਿੱਚ ਵੀ ਵੰਡੀਆਂ ਪਾਈ ਜਾ ਰਹੇ ਹਾਂ, ਜਿਵੇਂ-ਕਿੱਥੋਂ ਅੰਮ੍ਰਿਤ ਛੱਕਿਆ ਹੈ? ਨਿਹੰਗਾਂ, ਭਿੰਡਰਾਂਵਾਲਿਆਂ, ਰਾੜੇਵਾਲਿਆਂ, ਪਹੇਵੇ ਵਾਲਿਆਂ, ਫਲਾਨੇ ਸੰਤਾਂ, ਮਿਸ਼ਨਰੀ ਕਾਲਜਾਂ ਅਤੇ ਸ਼੍ਰੋਮਣੀ ਕਮੇਟੀ ਤੋਂ ਆਦਿਕ। ਗੁਰੂ ਤੋਂ ਛੱਕਿਆ ਕੋਈ ਵਿਰਲਾ ਹੀ ਕਹਿੰਦਾ ਹੈ? ਫਿਰ ਇਹ ਸਭ ਮਰਯਾਦਾ ਵੀ ਵੱਖਰੀ-ਵੱਖਰੀ ਦ੍ਰਿੜ ਕਰਵਾਉਂਦੇ ਨੇ, ਐਸਾ ਕਿਉਂ? ਕੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵੱਖਰੀ-ਵੱਖਰੀ ਮਰਯਾਦਾ ਦ੍ਰਿੜ ਕਰਵਾਈ ਸੀ? ਜਰਾ ਸੋਚੋ! ਜਦੋਂ ਖ਼ਾਲਸਾ ਪੰਥ ਇੱਕ ਹੈ ਫਿਰ ਖ਼ਾਲਸੇ ਪੰਥ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਦੀ ਹੈ।ਅੰਮ੍ਰਿਤ ਇੱਕ ਪ੍ਰਣ ਹੈ-ਸਿੱਖ ਗੁਰੂ ਅੱਗੇ ਪ੍ਰਣ ਕਰਦਾ ਹੈ ਕਿ ਉਹ ਕਿਰਤਮ ਦੀ ਥਾਂ ਅਕਾਲ ਦੀ ਪੂਜਾ ਅਤੇ ਧਰਮ ਦੀ ਕਿਰਤ ਕਰਦਾ ਹੋਇਆ ਵੰਡ ਛਕੇਗਾ। ਮਨੁੱਖਤਾ ਦੀ ਸੇਵਾ ਕਰਦਾ ਹੋਇਆ ਪਰਉਪਕਾਰੀ ਜੀਵਨ ਜੀਵੇਗਾ, ਜਾਤਿ-ਪਾਤਿ ਨੂੰ ਨਹੀਂ ਮੰਨੇਗਾ। ਕਿਸੇ ਦੇਹਧਾਰੀ ਸਾਧ ਸੰਤ ਦੀ ਥਾਂ ਗੁਰੂ ਗ੍ਰੰਥ ਨੂੰ ਹੀ ਸੀਸ ਨਿਵਾਏ ਅਤੇ ਬੁਰੇ ਕਰਮਾਂ ਦਾ ਤਿਆਗ ਕਰੇਗਾ। ਕੇਸਾਂ ਦੀ ਬੇਅਦਬੀ ਅਤੇ ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਨਹੀਂ ਕਰੇਗਾ। ਜਗਤ ਜੂਠ ਤਮਾਕੂ ਨਹੀਂ ਪੀਵੇਗਾ, ਗੁਲਾਮੀ ਦੀ ਨਿਸ਼ਾਨੀ ਹਲਾਲ ਕੀਤਾ ਕੁੱਠਾ ਮਾਸ ਨਹੀਂ ਖਾਏਗਾ। ਸਰੀਰਕ ਸਫਾਈ ਨੂੰ ਮੁੱਖ ਰੱਖ ਨਿੱਤ ਇਸ਼ਨਾਨ ਕਰੇਗਾ ਪਰ ਬ੍ਰਾਹਮਣ ਵਾਲੀ ਸੁੱਚ ਭਿੱਟ ਨਹੀਂ ਰੱਖੇਗਾ। ਪੰਜ ਕਕਾਰੀ ਵਰਦੀ ਧਾਰਨ ਕਰਕੇ, ਗੁਰਬਾਣੀ ਦਾ ਪਾਠ ਨਿਤਾ ਪ੍ਰਤੀ ਕਰ ਵਿਚਾਰੇਗਾ। ਸ਼ਸ਼ਤ੍ਰ ਵਿਦਿਆ ਦਾ ਅਭਿਆਸ ਜਾਰੀ ਰੱਖਦਾ ਮਜ਼ਲੂਮਾਂ ਦੀ ਰੱਖਿਆ ਕਰੇਗਾ। ਏਕ ਪਿਤਾ ਏਕਸ ਕੇ ਹਮ ਬਾਰਿਕ ਦੇ ਮਹਾਂਵਾਕ ਅਨੁਸਾਰ ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਸਮਝੇਗਾ। ਗੁਰਬਾਣੀ ਨੂੰ ਮੂਰਤੀਆਂ ਦੀ ਤਰ੍ਹਾਂ ਧੂਫਾਂ ਧੁਖਾ ਅਤੇ ਜੋਤਾਂ ਬਾਲ ਕੇ ਨਹੀਂ ਪੂਜੇਗਾ ਸਗੋਂ ਗੁਰੂਆਂ ਭਗਤਾਂ ਦੇ ਰੱਬੀ ਗਿਆਨ ਨੂੰ ਵਿਚਾਰ ਨਾਲ ਸਮਝ ਕੇ, ਸਮੁੱਚੇ ਸੰਸਾਰ ਵਿੱਚ ਵੰਡਦਾ ਹੋਇਆ ਆਪਣਾ ਅੰਮ੍ਰਿਤਧਾਰੀ ਜੀਵਨ ਸਫਲ ਕਰੇਗਾ।ਗੁਰੂ ਜੀ ਨੇ ਐਸਾ ਪਰਉਪਕਾਰੀ ਖ਼ਾਲਸਾ ਪੰਥ ਸਾਜਿਆ ਸੀ ਨਾਂ ਕਿ ਵੱਖ-ਵੱਖ ਸੰਪ੍ਰਦਾਵਾਂ ਜਾਂ ਡੇਰੇ ਪੈਦਾ ਕੀਤੇ ਸਨ। ਜਰਾ ਆਪਣੇ ਮਨਾਂ ਅੰਦਰ ਡੂੰਗੀ ਝਾਤ ਮਾਰ ਕੇ ਦੇਖੋ! ਫਿਰ ਇਹ ਡੇਰੇ ਅਤੇ ਸੰਪ੍ਰਦਾਵਾਂ ਦੀਆਂ ਵੰਡੀਆਂ ਸਾਡੇ ਵਿੱਚ ਕਿਵੇਂ ਪੈ ਗਈਆਂ? ਸਿੱਖ ਧਰਮ ਵਿਗਿਆਨਕ, ਅਧੁਨਿਕ ਅਤੇ ਸਾਰੇ ਸੰਸਾਰ ਦਾ ਧਰਮ ਹੈ, ਜਿਸ ਨੂੰ ਸੰਸਾਰ ਦਾ ਕੋਈ ਵੀ ਮਾਨੁੱਖ ਧਾਰਨ ਕਰ ਸਕਦਾ ਹੈ। ਵੈਸਾਖੀ ਦੇ ਪੁਰਬ ਤੇ ਐਸੇ ਉਪਰਾਲੇ ਕਿਉਂ ਨਹੀਂ ਕੀਤੇ ਜਾਂਦੇ? ਦੇਖੋ! ਈਸਾਈਆਂ ਨੇ ਦੁਨੀਆਂ ਦੀ ਹਰੇਕ ਭਾਸ਼ਾ ਵਿੱਚ ਪਵਿਤਰ ਬਾਈਬਲ ਦਾ ਗਿਆਨ ਵੰਡ ਦਿੱਤਾ ਹੈ। ਕੈਸੀ ਭਾਵਨਾ ਹੈ ਉਨ੍ਹਾਂ ਵਿੱਚ ਪਰ ਅਸੀਂ ਪੰਜਾਬੀ ਅਤੇ ਵਿਸ਼ਵ ਭਾਸ਼ਾ ਅੰਗ੍ਰੇਜੀ ਵਿੱਚ ਵੀ ਐਸਾ ਨਹੀਂ ਕਰ ਸੱਕੇ। ਜਰਾ ਧਿਆਨ ਦਿਉ! ਗੁਰੂ ਗ੍ਰੰਥ ਸਹਿਬ ਵਿੱਚ ਐਸੀ ਭਾਵਨਾ ਪਹਿਲਾਂ ਹੀ ਦਰਸਾਈ ਅਤੇ ਅਨੇਕਾਂ ਬੋਲੀਆਂ ਗੁਰਬਾਣੀ ਵਿੱਚ ਵਰਤੀਆਂ ਗਈਆਂ ਜੋ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹਨ। ਸਾਨੂੰ ਗੁਰਬਾਣੀ ਤੋਂ ਸੇਧ ਲੈ ਕੇ ਚੱਲਣਾ ਚਾਹੀਦਾ ਹੈ ਨਾਂ ਕਿ ਕਿਸੇ ਸਾਧ-ਸੰਤ, ਸੰਪਰਦਾ-ਟਕਸਾਲ ਜਾਂ ਸੰਸਥਾ ਆਦਿਕ ਤੋਂ। ਗੁਰੂ ਜੀ ਸਦਾ ਲਈ ਸਾਨੂੰ ਗੁਰੂ ਗ੍ਰੰਥ ਦੇ ਲੜ ਲਾ ਗਏ ਤੇ ਅੱਜ ਵੀ ਸਾਨੂੰ ਲੱਗੇ ਰਹਿੰਣਾ ਚਾਹੀਦਾ ਹੈ। ਇਹ ਹੀ ਵੈਸਾਖੀ, ਅੰਮ੍ਰਿਤ, ਖਾਲਸਾ ਸਾਜਨ ਦਿਵਸ ਦਾ ਅਸਲੀ ਸੰਦੇਸ਼, ਵਿਲੱਖਣਤਾ ਅਤੇ ਮਹਾਨਤਾ ਹੈ।

## ਬਠਿੰਡਾ ਮਿਲਟਰੀ ਸਟੇਸ਼ਨ ‘ਤੇ ਹੋਈ ਗੋਲੀਬਾਰੀ ਚਾਰ ਫੌਜੀ ਹਲਾਕ

ਬਠਿੰਡਾ: ਬਠਿੰਡਾ ਮਿਲਟਰੀ ਸਟੇਸ਼ਨ ਵਿਖੇ ਹੋਈ ਗੋਲੀਬਾਰੀ ਮਾਮਲੇ ਵਿਚ ਚਾਰ ਫੌਜੀ ਜਵਾਨਾਂ ਦੀ ਮੌਤ ਹੋ ਗਈ ਹੈ। ਇਸ ਮਾਮਲੇ ਵਿਚ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿਚ ਐਫ.ਆਈ.ਆਰ ਵੀ ਦਰਜ ਕਰ ਲਈ ਗਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਦੋ ਹਮਲਾਵਰ ਆਏ ਸਨ ਜਿਨ੍ਹਾਂ ਨੇ ਚਿੱਟੇ ਕੁੜਤੇ ਪਜਾਮੇ ਪਾਏ ਸਨ ਅਤੇ ਆਪਣੇ ਮੂੰਹ ਬੰਨ੍ਹੇ ਹੋਏ ਸਨ। ਜਾਣਕਾਰੀ ਅਨੁਸਾਰ ਮੈੱਸ ‘ਚ ਕਰੀਬ ਸਾਢੇ ਚਾਰ ਵਜੇ ਇਹ ਵਾਰਦਾਤ ਹੋਈ ਹੈ। ਉਸ ਸਮੇਂ ਫੌਜੀ ਸੁੱਤੇ ਹੋਏ ਸਨ ਜਦੋਂ ਇਹ ਹਮਲਾ ਹੋਇਆ। ਐਫ ਆਈ ਆਰ ਵਿਚ ਦੱਸਿਆ ਗਿਆ ਹੈ ਕਿ ਦੋ ਹਮਲਾਵਰ ਆਏ ਜਿਨ੍ਹਾਂ ਵਿਚੋਂ ਇੱਕ ਦੇ ਹੱਥ ਵਿਚ ਇੰਨਸਾਸ ਰਾਈਫਲ ਅਤੇ ਦੂਜੇ ਦੇ ਹੱਥ ਵਿਚ ਕੁਹਾੜੀ ਫੜੀ ਹੋਈ ਸੀ।


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ




DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਚੜ੍ਹਦੀ ਕਲਾ ਦੇ ਵਿਚ ਰਹੇ ਖ਼ਾਲਸਾ

ਕੇਸਰੀ ਨਿਸਾਨ ਸਦਾ ਰਹਿਣ ਝੂਲਦੇ,
ਚੜਦੀ ਕਲਾ ਦੇ ਵਿਚ ਰਹੇ ਖਾਲਸਾ।
ਸ਼ੀਸ ਜਾਵੇ ਸਿਦਕ ਨਾ ਜਾਵੇ ਸਿੰਘ ਦਾ,
ਨਿੱਤ ਅਰਦਾਸ ਵਿਚ ਕਹੇ ਖਾਲਸਾ।
ਚੜਦੀ ਕਲਾ ਦੇ ਵਿਚ ਰਹੇ ਖਾਲਸਾ।

ਹੱਥ ਵਿੱਚ ਨੰਗੀ ਤਲਵਾਰ ਫੜਕੇ,
ਸਿਰ ਇਕ ਮੰਗਿਆ ਗੁਰਾਂ ਨੇ ਖੜਕੇ ,
ਪੰਜ ਸਿਰ ਭੇਟ ਕੀਤੇ ਪੰਜਾਂ ਸਿੱਖਾਂ ਨੇ,
ਗੁਰੂ ਦਿਆਂ ਚਰਨਾਂ ‘ਤੇ ਸ਼ੀਸ਼ ਧਰਕੇ।
ਭੇਟਾ ਪਰਵਾਨ ਕਰੋ ਬਾਜਾਂ ਵਾਲਿਉ,
ਹੋਕੇ ਨਿਮਾਣਾ ਜਿਹਾ ਕਹੇ ਖਾਲਸਾ।
ਚੜਦੀ ਕਲਾ ਦੇ ਵਿਚ ਰਹੇ ਖਾਲਸਾ।

ਪਾਹੁਲ ਖੰਢੇਧਾਰ ਦਾ ਛਕਾਕੇ ਗੁਰਾਂ ਨੇ।
ਪੰਜਾਂ ਤਾਂਈ ਸ਼ੀਨੇ ਨਾਲ ਲਾਕੇ ਗੁਰਾਂ ਨੇ।
ਮਰੀਆਂ ਜ਼ਮੀਰਾਂ ਨੂੰ ਜਿਉਂਦਾ ਕਰਿਆ,
ਚਿੜੀਆਂ ਤੋਂ ਬਾਜ਼ ਤੁੜਵਾਕੇ ਗੁਰਾਂ ਨੇ।
ਅਨੰਦਪੁਰ ਵਾਸੀਆਂ ਦੀ ਜਾਤ ਕੋਈ ਨਾ,
ਬੜੇ ਮਾਣ ਨਾਲ ਹੁਣ ਕਹੇ ਖਾਲਸਾ।
ਚੜਦੀ ਕਲਾ ਦੇ ਵਿੱਚ ਰਹੇ ਖਾਲਸਾ।

ਕਰੋੜਾਂ ਵਿਚੋਂ ਦਿੱਸਦਾ ਨਿਆਰਾ ਖਾਲਸਾ,
ਗੁਰੂ ਜੀ ਨੂੰ ਪੁੱਤਾਂ ਤੋਂ ਪਿਆਰਾ ਖਾਲਸਾ ।
ਦੁਖੀਆਂ ਲਈ ਖੜ ਜਾਂਦਾ ਢਾਲ ਬਣਕੇ,
ਦੁਸ਼ਟਾਂ ਦੇ ਸਿਰ ਹੁੰਦਾ ਭਾਰਾ ਖਾਲਸਾ ।
ਗਊ ਤੇ ਗਰੀਬ ਦਾ ਇਹ ਰਾਖਾ ਬਣਕੇ,
ਜ਼ੋਖਮਾਂ ਨੂੰ ਪਿੰਡੇ ਉਤੇ ਸਹੇ ਖਾਲਸਾ।
ਚੜ੍ਹਦੀ ਕਲਾ ਦੇ ਵਿਚ ਰਹੇ ਖਾਲਸਾ।

ਸਿਰ ਉਤੇ ਸੋਂਹਦੀ ਦਸਤਾਰ ਏਸਦੇ।
ਫਬਦੇ ਨੇ ਪੰਜੇ ਹੀ ਕਕਾਰ ਏਸਦੇ।
ਬਾਣੀ ਅਤੇ ਬਾਣੇ ਨਾਲ ਸੋਭਾ ਏਸਦੀ,
ਅੰਗ ਸੰਗ ਰਹੇ ਤਲਵਾਰ ਏਸਦੇ।
ਮੰਨਦਾ ਨਾ ਈਨ ਸੇਖੋਂ ਟੂੰਢੀ ਲਾਟ ਦੀ,
ਕਿਸੇ ਕੋਲੋਂ ਲੁੱਕ ਕੇ ਨਾ ਬਹੇ ਖਾਲਸਾ।
ਚੜਦੀ ਕਲਾ ਦੇ ਵਿੱਚ ਰਹੇ ਖਾਲਸਾ।



**ਗੁਰਚਰਨ ਸਿੰਘ ਸੇਖੋਂ ਬੌੜਹਾਈ**
**98-781-82840**

## ਮੈਨੂੰ ਕੀ ਪਤਾ?

ਮਾਂ ਆਖਦੀ
ਤੈਨੂੰ ਕੀ ਪਤਾ
ਦੁਨੀਆ ਕਿੰਜ ਚੱਲਦੀ
ਕਦੇ ਵੇਖੇ ਨੇ
ਆਂਡਿਆਂ ’ਚੋਂ ਨਿਕਲਦੇ ਚੂਚੇ?
ਨਹੀਂ ਦੇਖੀ ਹੋਣੀ ਤੈਂ
ਬੱਚਿਆਂ ਨੂੰ ਦੁੱਧ ਚੁੰਘਾਉਂਦੀ ਬਿੱਲੀ
ਬਾਪ ਲਈ
ਅਜੇ ਵੀ ਬੱਚਾ ਹਾਂ
ਬੜੇ ਅਜੀਬ ਸਵਾਲ ਪੁੱਛਦੈ
ਦੁੱਧ ’ਚੋਂ ਮੱਖਣ ਪਛਾਣ ਸਕਦੈਂ?
ਗੰਨੇ ਦੀਆਂ ਪੋਰੀਆਂ ’ਚੋਂ
ਸ਼ੱਕਰ ਝਾਕਦੀ ਵੇਖੀ ਏ?
ਤੂੰ ਕੀ ਜਾਣੇ
ਛੋਲਿਆਂ ਦੇ ਦਾਣੇ ਬਦਾਨਾ ਬਣ ਕੇ
ਕਿਵੇਂ ਪੁੱਜ ਜਾਂਦੇ ਨੇ ਮੰਦਰ ’ਚ
ਉਹ ਆਖਦੀ
ਸਿਧਰਾ ਈ ਰਹੇਂਗਾ
ਨਹੀਂ ਜਾਣਦਾ
ਮੁਹੱਬਤ ਦਾ ਊੜਾ ਆੜਾ
ਗਿਲ਼ਾ ਕਰਦੀ
‘ਮੇਰਾ ਜਨਮ ਦਿਨ ਤਾਂ ਕੀ
ਤੈਨੂੰ ਤਾਂ ਆਪਣਾ
ਖਾਧਾ ਪੀਤਾ ਵੀ ਯਾਦ ਨੀ ਰਹਿੰਦਾ’
ਸੱਚ ਐ
ਕਿੰਨਾ ਕੁ ਜਾਣਦੈਂ
ਦੁਨੀਆਦਾਰੀ ਬਾਰੇ
ਭਲਾ ਕਿੰਨੀ ਕੁ ਵੇਖੀ ਦੁਨੀਆ?

**ਗੁਰਮੀਤ ਕੜਿਆਲਵੀ**
**ਸੰਪਰਕ: 98726-40994**

****

## .ਗ਼ਜ਼ਲ

ਸਬਰ ਦਾ ਪੂਰਾ ਪਿਆਲਾ ਭਰ ਗਿਐ,
ਜਾਪਦੈ ਹੁਣ ਬਿਨ ਬ਼ਗਾਵਤ ਨਾ ਸਰੇ।
ਸੱਟ ਦੀ ਹੈ ਲੋੜ ਲੋਹਾ ਲਾਲ ਹੈ,
ਬਣਨ ਦੀ ਆਗੂ ਕੋਈ ਹਿੰਮਤ ਕਰੇ।
ਕੱਟਦੇ ਫਾਕੇ ਰਹੇ ਚੁੱਪ ਚਾਪ ਹੀ,
ਰਾਤ ਦਿਨ ਹੀ ਕੀਤੀਆਂ ਨੇ ਮਿਹਨਤਾਂ,
ਮੌਜ ਮਾਣੇ ਕਿਰਤ ਸਾਡੀ ’ਤੇ ਕੋਈ,
ਜ਼ੁਲਮ ਹੁਣ ਇਹ ਰੂਹ ਅਸਾਡੀ ਨਾ ਜਰੇ।
ਸੀਤ ਵਾਅ ਪੋਹ ਦੀ ਬਦਨ ਨੂੰ ਠਾਰਦੀ,
ਗਰਮੀਆਂ ਦੀ ਰੁੱਤ ਪਿੰਡਾ ਚੂਸਦੀ,
ਜੀਣ ਖਾਤਰ ਪੇਟ ਪਰ ਕੁਝ ਭਾਲਦੈ,
ਲਾਰਿਆਂ ਦੇ ਨਾਲ ਕਿੱਦਾਂ ਇਹ ਭਰੇ?
ਬੂੰਦ ਪਾਣੀ ਵਾਸਤੇ ਭੋਂਅ ਤਰਸਦੀ,
ਬੀਜਿਆਂ ਕੁਝ ਵੀ ਨਹੀਂ ਹੈ ਉੱਗਦਾ,
ਪਾਣੀਆਂ ’ਤੇ ਮੱਛ ਕਾਬਜ਼ ਹੋ ਗਏ,
ਚੰਦਰਾ ਬੱਦਲ ਵੀ ਖੇਤੀਂ ਨਾ ਵਰ੍ਹੇ।
ਫਸ ਗਿਆ ਜੋ ਗੁਰਬਤਾਂ ਦੇ ਦਲਦਲੀਂ,
ਹੋਰ ਡੂੰਘਾ ਜਾ ਰਿਹੈ ਧਸਦਾ ਸਦਾ,
ਰਾਹ ਨਜ਼ਰ ਆਉਂਦਾ ਨਹੀਂ ਕੋਈ ਜ਼ਰਾ,
ਖਾਣ ਨੂੰ ਪੈਂਦਾ ਜਦੋਂ ਆਵੇ ਘਰੇ।
ਐਲਬਮ ਦੇ ਵਾਂਗ ਹੀ ਹੈ ਦਿਲ ਉਹਦਾ,
ਖ਼ਾਬ ਰਹਿੰਦਾ ਪੰਨਿਆਂ ’ਤੇ ਚਿਤਰਦਾ,
ਵੇਖਦਾ ਜੇ ਰੰਗ ਫਿੱਕਾ ਹੈ ‘ਰੁਪਾਲ’,
ਬੁਰਸ਼ ਲੈ ਕੇ ਰੰਗ ਗੂੜ੍ਹਾ ਉਹ ਭਰੇ।

**ਜਸਵਿੰਦਰ ਸਿੰਘ ‘ਰੁਪਾਲ’**

## ਛੱਲਾ

ਛੱਲਾ ਮੁੜਕੇ ਨਹੀਂ ਆਇਆ
ਜਦੋਂ ਦਾ ਪੈਰ ਪ੍ਰਦੇਸ ’ਚ ਪਾਇਆ
ਸੱਤ ਸਮੁੰਦਰ ਪਾਰ ਦੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।
ਕੁਝ ਹਾਲਾਤ ਮਾੜੇ ਕਰੇ ਸਰਕਾਰਾਂ ਨੇ
ਦੇਸ਼ ਮੇਰੇ ਦੇ ਵੱਡੇ ਪਹਿਰੇਦਾਰਾਂ ਨੇ
ਇੱਕ ਦੂਜੇ ਨੂੰ ਵੱਟਦੇ ਘੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।
ਕੁਝ ਆਪੇ ਆਪਾਂ ਖਰਚ ਵਧਾਏ ਨੇ
ਮੋਬਾਈਲ ਜਦੋਂ ਦੇ ਹੋਂਦ ਵਿੱਚ ਆਏ ਨੇ
ਪੈਂਦੀਆਂ ਦੇਸ਼ ਰਹਿ ਕੇ ਨਾ ਪੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।
ਚਿਹਰਿਆਂ ਤੋਂ ਉੱਡਗੀ ਲਾਲੀ ਏ
ਏਥੇ ਔਖੀ ਕਮਾਈ ਬਾਹਲੀ ਏ
ਸੁਖਚੈਨ, ਘਰੇ ਜਾਣ ਨੂੰ ਉੱਠਦੀਆਂ ਲੂਰੀਆਂ ਨੇ
ਕੀ ਕਰੀਏ ਪਈਆਂ ਮਜਬੂਰੀਆਂ ਨੇ।

**ਸੁਖਚੈਨ ਸਿੰਘ ਠੱਠੀਭਾਈ**

## .ਗ਼ਜ਼ਲ

ਲੱਗਦੈ ਸ਼ਹਾਦਤਾਂ ਨੂੰ ਸੰਨ੍ਹ ਕੋਈ ਲਗਾ ਰਿਹੈ
ਹੀਰੇ ਕੋਹਿਨੂਰ ਦੇ ਖਜ਼ਾਨੇ ਨੂੰ ਚੁਰਾ ਰਿਹੈ
ਅਹਿਸਾਨ ਫਰਾਮੋਸ਼ ਜਿਹੜਾ ਸਕੀ ਮਾਂ ਦਾ ਨ੍ਹੀਂ ਬਣਿਆ
ਸੋਹਲੇ ਨਾ- ਸ਼ੁਕਰਾ ਵਿਦੇਸ਼ੀਆਂ ਦੇ ਗਾ ਰਿਹੈ
ਇੱਕ ਲੈਂਦਾ ਬਦਲਾ ਹੈ ਜਾ ਕੇ ਇੱਕੀ ਸਾਲ ਪਿੱਛੋਂ
ਇੱਕ ਜੋ ਸਰੋਪੇ ਗਲ਼ ਕਾਤਲਾਂ ਦੇ ਪਾ ਰਿਹੈ
ਲੱਖ ਰਾਹੂ ਕੇਤੂ ਰਲ਼ ਘੇਰ ਲੈਣ ਸੂਰਜਾਂ ਨੂੰ
ਚੀਰ ਬ੍ਰਹਿਮੰਡ ਸੇਕ ਧਰਤੀ ਤਪਾ ਰਿਹੈ
ਗੰਗਾ ਤਾਈਂ ਉਲਟੀ ਪਹੋਏ ਨੂੰ ਵਹਾਉਂਦੈ ਕੋਈ
ਦਾੜ੍ਹੀਆਂ ’ਚ ਫੁੱਲ ਉਹ ਬਡਾਰੂਆਂ ਦੇ ਪਾ ਰਿਹੈ
ਖੂਨ ਨਾਲ ਸਿੰਜਿਆ ਆਜ਼ਾਦੀ ਵਾਲੇ ਬੂਟੇ ਨੂੰ
ਉਨ੍ਹਾਂ ਹੀ ਸ਼ਹੀਦਾਂ ਦੇ ਕੋਈ ਖੂਨ ’ਚ ਨਹਾ ਰਿਹੈ
ਧਰਤੀ ਦਾ ਜ਼ੱਰਾ ਜ਼ੱਰਾ ਰਿਣੀ ਕੁਰਬਾਨੀਆਂ ਦਾ
ਬੇਸ਼ੱਕ ਗੀਤ ਕੋਈ ਹਨੇਰਿਆਂ ਦੇ ਗਾ ਰਿਹੈ
ਪੜ੍ਹਿਆ ਨ੍ਹੀਂ ਜਾਣਿਆ ਨ੍ਹੀਂ ਉੱਚੇ ਵਿਚਾਰਾਂ ਨੂੰ
ਮਾਰ ਤੀਰ ਕੱਦੂ ’ਚ ਭੁਲੇਖੇ ਕੋਈ ਪਾ ਰਿਹੈ
ਪੰਨੇ ਇਤਿਹਾਸ ਦੇ ਸੁਨਹਿਰੀ ਲਿਖੇ ਖੂਨ ਨਾਲ
ਅਫ਼ਸੋਸ! ਉਸੇ ਖੂਨ ਨੂੰ ਕੋਈ ਪਾਣੀ ਦਰਸਾਅ ਰਿਹੈ
ਦਸਤਾਰ, ਰਫ਼ਤਾਰ, ਗੁਫ਼ਤਾਰ ਤੋਂ ਪਛਾਣ ਹੁੰਦੈ
ਬੰਦਾ ਪਿੱਛੋਂ ਕਿਹੜੇ ਖਾਨਦਾਨ ਵਿੱਚੋਂ ਆ ਰਿਹੈ
ਹੁੰਦੇ ਨੇ ਸ਼ਹੀਦ ਸਰਮਾਇਆ ਦੇਸ਼ ਕੌਮ ਦਾ
ਜਾਣ ਕੇ ਸ਼ਹੀਦਾਂ ਵਿੱਚ ਵੰਡੀਆਂ ਕੋਈ ਪਾ ਰਿਹੈ
ਲੱਗਦੈ ਹੈ ਬੰਦਾ ਜਦੋਂ ਸੁੱਧ ਬੁੱਧ ਖੋ ਬੈਠੇ
ਆਪ ਨਹੀਂ ਉਹ ਬੋਲਦਾ ਕੋਈ ਪਿੱਛਿਓਂ ਬੁਲਾ ਰਿਹੈ
ਸੱਚ ਤਾਈਂ ਜਾਣਦੈ ਤੇ ਸੱਚ ਨੂੰ ਪਛਾਣਦੈ
ਸਾਰਾ ਹੀ ਅਵਾਮ ਕੁਰਬਾਨੀਆਂ ਨੂੰ ਗਾ ਰਿਹੈ
ਜੌਹਰੀ ਪੁੱਤ ਕਰਦਾ ਵਣਜ ਸਦਾ ਹੀਰਿਆਂ ਦਾ
‘ਸੇਖੋਂ’ ਅਣਜਾਣ ਹੱਥ ਕੌਡੀਆਂ ਨੂੰ ਪਾ ਰਿਹੈ।

**ਜਗਜੀਤ ਸੇਖੋਂ**




# (ਮੁੱਖ ਪੰਨੇ ਦੀ ਬਾਕੀ)

ਵਿੱਚ ਕਿਟਸੀਲਾਨੋ ਇਲਾਕੇ ਵਿੱਚ ਆਪਣਾ ਗੁਰਦੁਆਰਾ ਬਣਾਇਆ ਸੀ, ਜਿਸ ਨੂੰ 1970 ਵੈਨਕੂਵਰ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਉੱਤਰੀ ਅਮਰੀਕਾ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਬੀ ਸੀ ਦੇ ਪਹਿਲੇ ਸਿੱਖ ਵਸਨੀਕਾਂ ਦੇ ਗੁੰਝਲਦਾਰ ਇਤਿਹਾਸ ਦੀ ਝਲਕ ਪੇਸ਼ ਕਰਦਾ ਹੈ।

ਪਾਲੰਬੋ, ਜੋ ਕਿ ਅੰਗਰੇਜ਼ ਹੈ, 1970 ਦੇ ਦਹਾਕੇ ਵਿੱਚ ਸਿੱਖਾਂ ਦੇ ਬੱਚਿਆਂ ਦੇ ਨਾਲ ਗੋਲਡਨ ਵਿੱਚ ਵੱਡਾ ਹੋਇਆ ਸੀ, ਅਤੇ ਕਹਿੰਦਾ ਹੈ ਕਿ ਸਿੱਖ ਭਾਈਚਾਰੇ ਨੇ ਹਮੇਸ਼ਾ ਉਸਦੇ ਦਿਲ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਿਆ ਹੈ।

ਉਸਨੇ ਕਿਹਾ ਕਿ ਗੁਰਦੁਆਰੇ ਦੀਆਂ ਪੁਰਾਣੀਆਂ ਫੋਟੋਆਂ ਨਹੀਂ ਹਨ, ਪਰ ਗੋਲਡਨ ਮਿਊਜ਼ੀਅਮ ਦੁਆਰਾ 1999 ਵਿੱਚ ਸਿੱਖ ਵਸਨੀਕਾਂ ਤੋਂ ਇਕੱਠੇ ਕੀਤੇ ਗਏ ਪਹਿਲੇ ਹੱਥ ਲਿਖਤ ਦੇ ਖਾਤੇ ਦਰਸਾਉਂਦੇ ਹਨ ਕਿ ਇਮਾਰਤ ਇੱਕ ਸਾਦੀ, ਲੱਕੜ ਦੀ ਬਣੀਂ ਹੋਈ ਸੀ ਜਿਸਦਾ ਆਕਾਰ ਲਗਭਗ 12 ਫੁੱਟ ਅਤੇ 20 ਫੁੱਟ ਸੀ। ਸਿੱਖ ਦੇ ਨਿਸ਼ਾਨ ਸਾਹਿਬ( ਝੰਡੇ )ਤੋਂ ਮਾਲੂਮ ਹੁੰਦਾ ਸੀ ਕਿ ਇਹ ਇੱਕ ਗੁਰਦਵਾਰਾ ਹੈ।" ਕਮਰੇ ਦੀ ਸੁੰਦਰ ਸਜਾਵਟ ਸੀ ਅਤੇ ਸਾਰੇ ਪਾਸੇ ਡਿਜ਼ਾਈਨਾਂ ਵਾਲਾ ਇੱਕ ਸੁੰਦਰ ਨੀਲਾ ਗਲੀਚਾ ਸੀ। ਇਸਨੇ ਫਰਸ਼ ਨੂੰ ਢੱਕਿਆ ਹੋਇਆ ਸੀ।

ਗੁਰਦੁਆਰੇ ਨੂੰ ਬੰਦ ਕਰਨ ਅਤੇ ਢਾਹ ਦਿੱਤੇ ਜਾਣ ਤੋਂ ਬਾਅਦ, ਗੋਲਡਨ ਦੇ ਸਿੱਖ ਭਾਈਚਾਰੇ ਨੂੰ ਵਿਆਹਾਂ, ਸੰਸਕਾਰ ਅਤੇ ਹੋਰ ਸਮਾਜਿਕ ਇਕੱਠਾਂ ਲਈ ਕੋਈ ਗੁਰਦਵਾਰਾ ਨਹੀਂ ਸੀ।

ਪਲੰਬੋ ਦਾ ਕਹਿਣਾ ਹੈ ਕਿ ਸਿੱਖ ਜੋੜਿਆਂ ਨੂੰ ਅਕਸਰ ਆਪਣੇਂ ਸਮਾਗਮ ਕਰਨ ਲਈ ਵਪਾਰਕ ਸਥਾਨਾਂ ਨੂੰ ਕਿਰਾਏ 'ਤੇ ਲੈਣ ਲਈ ਬਹੁਤ ਜ਼ਿਆਦਾ ਭੁਗਤਾਨ ਕਰਨਾ ਪੈਂਦਾ ਸੀ।

ਆਰਾ ਮਿੱਲ ਵਰਕਰ ਸਵਰਨ ਸਿੰਘ ਪਤਾਰਾ ਅਤੇ ਉਸਦੀ ਪਤਨੀ ਬਲਬੀਰ ਕੌਰ ਜੋ ਅਪ੍ਰੈਲ 1972 ਵਿੱਚ ਗੋਲਡਨ ਵਿੱਚ ਵਿਆਹ ਕਰਨ ਵਾਲਾ ਪਹਿਲਾ ਸਿੱਖ ਜੋੜਾ ਸੀ। ਉਹਨਾਂ ਨੇ ਇੱਕ ਸਥਾਨਕ ਕਲੱਬ ਹਾਊਸ ਅਤੇ ਰੈਸਟੋਰੈਂਟ ਨੂੰ ਕਿਰਾਏ 'ਤੇ ਲੈਣ ਲਈ $350 ਭੁਗਤਾਨ ਕੀਤਾ, ਅਤੇ ਅਨੰਦ ਕਾਰਜ਼ ਲਈ ਵੈਨਕੂਵਰ ਆਈਲੈਂਡ ਤੋਂ ਇੱਕ ਸਿੱਖ ਗ੍ਰੰਥੀ ਨੂੰ ਸੱਦਣਾਂ ਪਿਆ।

ਦੁਬਾਰਾ ਫੇਰ ਅਕਤੂਬਰ 1981 ਨੂੰ 13 ਸਟਰੀਟ ਸਾਊਥ ਉੱਤੇ ਗੋਲਡਨ ਵਿੱਚ ਇੱਕ ਨਵਾਂ ਗੁਰਦੁਆਰਾ ਬਣਾਇਆ ਗਿਆ ਸੀ। ਪਲੰਬੋ ਦਾ ਕਹਿਣਾ ਹੈ ਕਿ ਏਸ਼ੀਅਨ ਵਿਰੋਧੀ ਨਸਲਵਾਦ ਦੇ ਸਮੇਂ ਦੌਰਾਨ ਘੱਟ ਅੰਗਰੇਜ਼ੀ ਜਾਨਣ ਵਾਲੇ ਸ਼ੁਰੂਆਤੀ ਸਿੱਖ ਪ੍ਰਵਾਸੀਆਂ ਲਈ ਗੁਰਦੁਆਰਾ ਇੱਕ ਸੁਰੱਖਿਅਤ ਪਨਾਹਗਾਹ ਸੀ।

ਕੈਨੇਡਾ ਫੈਡਰਲ ਸਰਕਾਰ ਵੱਲੋਂ 1908 ਤੋਂ 1919 ਤੱਕ ਦੱਖਣੀ ਏਸ਼ੀਆਈ "ਹੈੱਡ ਟੈਕਸ" ਨੂੰ ਲਾਗੂ ਕਰਨਾ ਇਸ ਵੱਲ ਇਸ਼ਾਰਾ ਕਰਦਾ ਹੈ ਤਾਂ ਕਿ ਪ੍ਰਵਾਸੀ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਕੈਨੇਡਾ ਨਾ ਲਿਆ ਸਕਣ।

ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਦੇ ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ ਦੀ ਡਾਇਰੈਕਟਰ ਸਤਵਿੰਦਰ ਕੌਰ ਬੈਂਸ ਦਾ ਕਹਿਣਾ ਹੈ ਕਿ ਨਸਲਵਾਦ ਨੇ ਸਿੱਖ ਕੈਨੇਡੀਅਨ ਇਤਿਹਾਸ ਨੂੰ ਸੰਭਾਲਣ ਲਈ ਚੁਣੌਤੀਆਂ ਦਾ ਰੂਪ ਵੀ ਦਿੱਤਾ ਹੈ।

ਉਹ ਕਹਿੰਦੀ ਹੈ ਕਿ ਬਸਤੀਵਾਦੀ ਸੰਸਥਾਵਾਂ ਨੇ ਦੱਖਣੀ ਏਸ਼ੀਆਈ ਇਤਿਹਾਸ ਦੀਆਂ ਕਲਾਕ੍ਰਿਤੀਆਂ ਦੀ ਓਨੀ ਕਦਰ ਨਹੀਂ ਕੀਤੀ ਜਿੰਨੀ ਗੋਰੇ ਕੈਨੇਡੀਅਨ ਇਤਿਹਾਸ ਦੀ ਕੀਤੀ ਗਈ ਅਤੇ ਸਿੱਖ ਪ੍ਰਵਾਸੀਆਂ ਨੇ ਕੈਨੇਡਾ ਵਿੱਚ ਆਪਣੇ ਜੀਵਨ ਦੇ ਰਿਕਾਰਡ ਰੱਖਣ ਦੀ ਮਹੱਤਤਾ ਨੂੰ ਨਹੀਂ ਦੇਖਿਆ। ਬੈਂਸ ਕਹਿੰਦੇ ਹਨ ਉਸ ਸਮੇਂ ਕੈਨੇਡਾ ਦੇ ਕਾਨੂੰਨ ਬਹੁਤ ਨਸਲਵਾਦੀ ਸਨ, ਅਤੇ ਲੋਕਾਂ ਨੇ ਸੱਚਮੁੱਚ ਇਹ ਨਹੀਂ ਸੋਚਿਆ ਸੀ ਕਿ ਉਹ ਇੱਥੇ ਬਹੁਤ ਲੰਬੇ ਸਮੇਂ ਤੱਕ ਰਹਿਣਗੇ ਸ਼ਾਇਦ ਇਸੇ ਕਰਕੇ ਸਿੱਖ ਕੌਮ ਦਾ ਜ਼ਿਆਦਾ ਰਿਕਾਰਡ ਨਹੀਂ ਹੈ।

# ਸ਼੍ਰੋਮਣੀ ਅਕਾਲੀ ਦਲ-ਬਸਪਾ ਨੇ ਐਲਾਨਿਆ ਜਲੰਧਰ ਜ਼ਿਮਨੀ ਚੋਣ ਲਈ ਉਮੀਦਵਾਰ

ਜਲੰਧਰ:ਸ਼੍ਰੋਮਣੀ ਅਕਾਲੀ ਦਲ-ਬਸਪਾ ਵੱਲੋਂ ਜਲੰਧਰ ਜ਼ਿਮਨੀ ਚੋਣ ਲਈ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਉਮੀਦਵਾਰ ਐਲਾਨਿਆ ਹੈ। ਦੱਸ ਦੇਈਏ ਕਿ ਸੁਖਵਿੰਦਰ ਕੁਮਾਰ ਸੁੱਖੀ ਨਵਾਂਸ਼ਹਿਰ ਦੇ ਬੰਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਹਨ। ਉਮੀਦਵਾਰ ਦਾ ਐਲਾਨ ਜਲੰਧਰ ਵਿਖੇ ਅਕਾਲੀ ਦਲ-ਬਸਪਾ ਦੀ ਪ੍ਰੈੱਸ ਕਾਨਫਰੰਸ ਮੌਕੇ ਕੀਤਾ ਗਿਆ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਸਪਾ ਦੇ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜੀ ,ਡਾ. ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਬਲਦੇਵ ਸਿੰਘ ਖਹਿਰਾ, ਪਵਨ ਕੁਮਾਰ ਟੀਨੂੰ ਅਤੇ ਸਮੁੱਚੀ ਅਕਾਲੀ-ਬਸਪਾ ਲੀਡਰਸ਼ਿਪ ਮੌਜੂਦ ਰਹੀ।

# ਚੀਨੀ ਫ਼ੌਜ ਨੇ ਕਿਹਾ,'ਜੰਗ ਲਈ ਤਿਆਰ ਹਾਂ'

ਤਾਇਪੇ-ਚੀਨ ਦੀ ਫੌਜ ਨੇ ਐਲਾਨ ਕੀਤਾ ਕਿ ਉਹ ਤਾਇਵਾਨ ਦੇ ਆਲੇ-ਦੁਆਲੇ ਤਿੰਨ ਦਿਨਾਂ ਤੱਕ ਵਿਆਪਕ ਯੁੱਧ ਅਭਿਆਸ ਕਰਨ ਤੋਂ ਬਾਅਦ 'ਲੜਾਈ ਲਈ ਤਿਆਰ' ਹੈ। ਚੀਨ ਵੱਲੋਂ ਇਹ ਹਮਲਾਵਰ ਕਾਰਵਾਈ ਅਮਰੀਕੀ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਕੇਵਿਨ ਮੈਕਕਾਰਥੀ ਅਤੇ ਤਾਇਵਾਨ ਦੇ ਰਾਸ਼ਟਰਪਤੀ ਸਾਈ ਇੰਗ-ਵੇਨ ਦੀ ਮੁਲਾਕਾਤ ਤੋਂ ਬਾਅਦ ਕੀਤੀ ਗਈ। ਚੀਨ ਨੇ ਕਿਹਾ, 'ਫੌਜ ਲੜਨ ਲਈ ਤਿਆਰ ਹੈ ਅਤੇ ਤਾਇਵਾਨ ਦੀ ਆਜ਼ਾਦੀ ਦੇ ਕਿਸੇ ਵੀ ਰੂਪ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਅਤੇ ਕਿਸੇ ਵੀ ਵਿਦੇਸ਼ੀ ਦਖਲ ਦੀ ਕੋਸ਼ਿਸ਼ ਨੂੰ ਰੋਕਣ ਲਈ ਦ੍ਰਿੜਤਾ ਨਾਲ ਲੜ ਸਕਦੀ ਹੈ।





ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਅਪ੍ਰੈਲ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸਾ ਸਾਜਨਾ ਦਿਵਸ ਮਨਾਇਆ ਜਾਵੇਗਾ। ਇਸ ਸਬੰਧ ਵਿਚ 2 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

1. ਭਾਈ ਕੁਲਵਿੰਦਰਪ੍ਰੀਤ ਸਿੰਘ ਅਤੇ ਬੀਬੀ ਸਿਮਰਨਜੀਤ ਕੌਰ ਪਰਿਵਾਰ ਵੱਲੋਂ
2. ਭਾਈ ਯਾਦਵਿੰਦਰ ਸਿੰਘ ਚੰਦੀ ਪਰਿਵਾਰ ਵੱਲੋਂ

ਇਹ ਦੋਨੋਂ ਅਖੰਡਪਾਠ ਸਾਹਿਬ 14 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 16 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*15 ਅਪ੍ਰੈਲ ਦਿਨ ਸ਼ਨਿਚਰਵਾਰ ਬੇਟਾ ਪ੍ਰਵਲਦੀਪ ਸਿੰਘ ਅਤੇ ਬੇਟੀ ਮਹਿਕਪ੍ਰੀਤ ਦੇ ਅਨੰਦਕਾਰਜ ਹੋਣਗੇ।

*15 ਅਪ੍ਰੈਲ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਪਾਲ ਸਿੰਘ ਹੁੰਦਲ ਪਰਿਵਾਰ ਵੱਲੋਂ ਹੋਵੇਗੀ।

*16 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਮਨਪ੍ਰੀਤ ਸਿੰਘ ਕਿੰਗਰਾ ਪਰਿਵਾਰ 2. ਭਾਈ ਰਘਵੀਰ ਸਿੰਘ ਢਿੱਲੋਂ ਪਰਿਵਾਰ ਵੱਲੋਂ ਬੇਟੇ ਜੈਦੀਪ ਸਿੰਘ ਢਿੱਲੋਂ ਦੇ 18ਵੇਂ ਜਨਮ ਦਿਨ ਦੀ ਖੁਸ਼ੀ ਵਿਚ

*16 ਅਪ੍ਰੈਲ ਦਿਨ ਐਤਵਾਰ ਸਵ. ਭਾਈ ਪਿਆਰਾ ਸਿੰਘ ਬਦਨ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸ਼ਾਮ 3.30 ਵਜੇ ਹੋਵੇਗੀ।

*18 ਅਪ੍ਰੈਲ ਦਿਨ ਮੰਗਲਵਾਰ ਸਵ. ਉਂਕਾਰਦੀਪ ਸਿੰਘ ਦਾ ਅੰਤਮ ਸਸਕਾਰ ਸਵੇਰੇ 10 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।

*19 ਅਪ੍ਰੈਲ ਦਿਨ ਬੁੱਧਵਾਰ ਭਾਈ ਰਾਜਵਿੰਦਰ ਸਿੰਘ ਦੁਸਾਂਝ ਅਤੇ ਬੀਬੀ ਰਾਜਵਿੰਦਰ ਕੌਰ ਦੁਸਾਂਝ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ ਜਿਸਦੀ ਆਰੰਭਤਾ 19 ਅਪ੍ਰੈਲ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 21 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ ਤੇ ਲੰਗਰਾਂ ਦੀ ਸੇਵਾ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ ਸੁਲਤਾਨਪੁਰ ਲੋਧੀ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224, ਫੈਕਸ:604-572-3276

# ਹਸਗੁੱਲੇ

ਇੱਕ ਔਰਤ ਤੇਜ਼ ਚੱਲਦੀ ਟ੍ਰੇਨ ਵਿੱਚ ਦੌੜ ਲਾ ਕੇ ਚੜ੍ਹੀ ਤਾਂ ਲੋਕਾਂ ਨੇ ਉਸ ਦੀ ਤਾਰੀਫ਼ ਕਰਦੇ ਹੋਏ ਕਿਹਾ, ''ਵਾਹ! ਕਮਾਲ ਦੀ ਔਰਤ ਹੈ, ਕਮਾਲ ਦੀ ਔਰਤ ਹੈ।''
ਉਦੋਂ ਹੀ ਔਰਤ ਬੋਲੀ, ''ਓਏ! ਚੁੱਪ ਕਰੋ ਸਾਰੇ, ਕਮਾਲ ਤਾਂ ਮੇਰਾ ਦਿਓਰ ਹੈ, ਮੈਂ ਤਾਂ ਹਰੀਆ ਦੀ ਔਰਤ ਹਾਂ।''

**********

ਪ੍ਰੇਮਿਕਾ, ''ਕੀ ਤੁਸੀਂ ਜਾਣਦੇ ਹੋ ਕਿ ਸੰਗੀਤ ਵਿੱਚ ਇੰਨੀ ਸ਼ਕਤੀ ਹੁੰਦੀ ਹੈ ਕਿ ਪਾਣੀ ਗਰਮ ਹੋ ਸਕਦਾ ਹੈ?''
ਪ੍ਰੇਮੀ, ''ਹਾਂ ਜ਼ਰੂਰ, ਕਿਉਂ ਨਹੀਂ! ਜੇ ਤੇਰਾ ਗਾਣਾ ਸੁਣ ਕੇ ਮੇਰਾ ਖ਼ੂਨ ਖੌਲ ਸਕਦਾ ਹੈ ਤਾਂ ਪਾਣੀ ਕਿਉਂ ਨਹੀਂ।''

**********

ਟੀਚਰ ਬੱਚਿਆਂ ਨੂੰ ਗਰੁਪ ਫੋਟੋ ਦਿਖਾ ਕੇ ਬੋਲੀ, ''ਜਦੋਂ ਤੁਸੀਂ ਵੱਡੇ ਹੋ ਜਾਵੋਗੇ ਤਾਂ ਇਸ ਫੋਟੋ ਨੂੰ ਦੇਖ ਕੇ ਕਹੋਗੇ, ਇਹ ਰਿਹਾ ਰਾਜੂ, ਜੋ ਅਮਰੀਕਾ ਚਲਾ ਗਿਆ, ਇਹ ਰਿਹਾ ਰਵੀ ਜੋ ਲੰਡਨ ਚਲਾ ਗਿਆ ਅਤੇ ਇਹ ਕਿਹਾ ਪੱਪੂ, ਜੋ ਇੱਥੇ ਦਾ ਇੱਥੇ ਹੀ ਰਹਿ ਗਿਆ।''
ਇਹ ਗੱਲਾਂ ਸੁਣ ਕੇ ਪੱਪੂ ਬੋਲਿਆ, ''ਤੇ ਇਹ ਰਹੀ ਸਾਡੀ ਮੈਡਮ, ਜਿਨ੍ਹਾਂ ਦਾ ਦਿਹਾਂਤ ਹੋ ਗਿਆ।''

**********

ਚਿੰਟੂ, ''ਓ ਭਰਾ, ਤੇਰੀ ਪਤਨੀ ਦੇ ਗੋਡੇ ਦਾ ਦਰਦ ਦੂਰ ਹੋਇਆ ਜਾ ਨਹੀਂ?''
ਰਾਹੁਲ, ''ਹਾਂ ਯਾਰ, ਡਾਕਟਰ ਨੂੰ ਦਿਖਾਉਂਦਿਆਂ ਹੀ ਦੂਰ ਹੋ ਗਿਆ।''
ਚਿੰਟੂ (ਹੈਰਾਨੀ ਨਾਲ), ''ਅੱਛਾ ਕਿਹੜੀ ਦਵਾਈ ਨਾਲ?''
ਰਾਹੁਲ, ''ਦਵਾਈ ਵਗੈਰਾ ਕੁਝ ਨਹੀਂ। ਬਸ ਡਾਕਟਰ ਨੇ ਦੱਸਿਆ ਕਿ ਇਹ ਬੁਢਾਪੇ ਦੀ ਨਿਸ਼ਾਨੀ ਹੈ, ਉਸ ਦਿਨ ਤੋਂ ਬਾਅਦ ਉਸ ਨੇ ਦਰਦ ਦੀ ਸ਼ਿਕਾਇਤ ਨਹੀਂ ਕੀਤੀ।''

**********

ਪੱਪੂ, ''ਕੱਲ੍ਹ ਮੈਂ ਇਕ ਰਾਕੇਟ ਛੱਡਿਆ, ਜੋ ਸਿੱਧਾ ਸੂਰਜ ਨਾਲ ਜਾ ਟਕਰਾਇਆ।''
ਬੰਟੀ, ''ਫਿਰ ਕੀ ਹੋਇਆ?'' ਪੱਪੂ, ''ਫਿਰ ਮੇਰੀ ਪਿਟਾਈ ਹੋਈ।'' ਬੰਟੀ, ''ਕਿਸ ਨੇ ਕੀਤੀ?''
ਪੱਪੂ, ''ਸੂਰਜ ਦੀ ਮੰਮੀ ਨੇ ਯਾਰ।''

************

ਮਾਂ (ਬੇਟੇ ਨੂੰ), ''ਬੇਟਾ, ਘਰ ਵਿੱਚ ਕਾਇਦੇ ਨਾਲ ਰਹਿਣਾ ਚਾਹੀਦਾ ਹੈ।''
ਬੇਟੇ ਨੇ ਸਿਰ ਹਿਲਾ ਕੇ ਕਿਹਾ, ''ਮੰਮੀ ਸਮਝ ਆ ਗਈ, ਜਿਵੇਂ ਪਾਪਾ ਰਹਿੰਦੇ ਹਨ।''

************

ਸੁਨੀਲ (ਬਲਦੇਵ ਨੂੰ), ''20 ਸਾਲਾਂ ਵਿੱਚ ਅੱਜ ਪਹਿਲੀ ਵਾਰ ਅਲਾਰਮ ਨਾਲ ਸਵੇਰੇ-ਸਵੇਰੇ ਮੇਰੀ ਨੀਂਦ ਖੁੱਲ੍ਹ ਗਈ।''
ਬਲਦੇਵ, ''ਕਿਉਂ, ਕੀ ਤੈਨੂੰ ਅਲਾਰਮ ਵੱਜਦਾ ਸੁਣਾਈ ਨਹੀਂ ਦਿੰਦਾ ਸੀ?''
ਸੁਨੀਲ, ''ਨਹੀਂ ਅਜਿਹੀ ਗੱਲ ਨਹੀਂ, ਅੱਜ ਸਵੇਰੇ ਮੈਨੂੰ ਜਗਾਉਣ ਲਈ ਮੇਰੀ ਘਰਵਾਲੀ ਨੇ ਅਲਾਰਮ ਘੜੀ ਮੇਰੇ ਸਿਰ 'ਤੇ ਮਾਰ ਦਿੱਤੀ?''

************

ਇਕ ਵਕੀਲ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਅੰਦਰ ਦੇ ਕਮਰੇ ਵਿੱਚ ਬਲਦ ਕੋਹਲੂ ਖਿੱਚ ਰਿਹਾ ਹੈ ਅਤੇ ਤੇਲੀ ਬਾਹਰ ਬੈਠਾ ਚਿਲਮ ਪੀ ਰਿਹਾ ਹੈ।
ਵਕੀਲ ਨੇ ਤੇਲੀ ਨੂੰ ਕਿਹਾ, ''ਜੇ ਬਲਦ ਰੁਕ ਜਾਵੇ ਤਾਂ ਤੈਨੂੰ ਕਿਵੇਂ ਪਤਾ ਲੱਗੇਗਾ?''
ਤੇਲੀ, ''ਸਾਹਿਬ, ਉਸ ਦੇ ਗਲੇ ਵਿੱਚ ਬੱਝੀ ਘੰਟੀ ਵੀ ਵੱਜਣੋਂ ਬੰਦ ਹੋ ਜਾਵੇਗੀ।'' ਵਕੀਲ, ''ਚੰਗਾ, ਜੇ ਇਹ ਇਕ ਜਗ੍ਹਾ ਖੜਾ ਹੋ ਕੇ ਬਸ ਆਪਣਾ ਸਿਰ ਹਿਲਾਉਂਦਾ ਰਹੇ ਤਾਂ?'' ਤੇਲੀ ਨੇ ਬੜੀ ਸ਼ਾਂਤੀ ਨਾਲ ਜਵਾਬ ਦਿੱਤਾ, ''ਸਾਡੇ ਬਲਦ ਨੇ ਵਕਾਲਤ ਨਹੀਂ ਪੜ੍ਹੀ।''

************

ਪਤੀ (ਪਤਨੀ ਨੂੰ), ''ਸੁਣਿਆ ਤੂੰ, ਕਹਿੰਦੇ ਹਨ ਕਿ ਜਿਹੜਾ ਆਦਮੀ ਜਿੰਨਾ ਜ਼ਿਆਦਾ ਬੇਵਕੂਫ ਹੁੰਦਾ ਹੈ, ਉਸ ਨੂੰ ਓਨੀ ਹੀ ਜ਼ਿਆਦਾ ਸੋਹਣੀ ਪਤਨੀ ਮਿਲਦੀ ਹੈ।''
ਪਤਨੀ (ਖੁਸ਼ ਹੋ ਕੇ), ''ਬੱਸ-ਬੱਸ ਰਹਿਣ ਵੀ ਦਿਓ, ਮੇਰੀ ਪ੍ਰਸ਼ੰਸਾ ਕਰਨ ਤੋਂ ਇਲਾਵਾ ਵੀ ਕਦੇ ਕੋਈ ਹੋਰ ਕੰਮ ਕਰ ਲਿਆ ਕਰੋ।''

************

'ਫੰਨੇ ਖਾਂ ਤੇਰੇ ਸਾਈਨਾਂ 'ਚ ਕਾਫੀ ਫਰਕ ਐ, ਦੁਬਾਰਾ ਸਾਈਨ ਕਰ।', ਬੈਂਕ 'ਚੋਂ ਪੈਸੇ ਕਢਵਾਉਣ ਗਏ ਫੰਨੇ ਖਾਂ ਨੂੰ ਸਹਾਇਕ ਮੈਨੇਜਰ ਕਹਿ ਰਹੀ ਸੀ। ਉਸ ਦੁਬਾਰਾ ਸਾਈਨ ਕਰ ਦਿੱਤੇ।
'ਨਹੀਂ, ਆਹ ਵੇਖ ਪਹਿਲਾਂ ਅੱਖਰਾਂ 'ਚ ਵਿੰਗ-ਵਲੇਵੇਂ ਨੇ,ਹੁਣ ਵਾਲੇ ਸਿੱਧੇ ਤੇ ਸਪੱਸ਼ਟ ਨੇ।''ਮੈਡਮ ਮੁਆਫ਼ ਕਰਨਾ, ਹੁਣ ਮੇਰਾ ਵਿਆਹ ਹੋ ਗਿਆ ਤੇ ਪਹਿਲੇ ਸਾਈਨ ਵਿਆਹ ਤੋਂ ਪਹਿਲਾਂ ਦੇ ਨੇ। ਮੇਰੇ ਘਰ ਵਾਲੀ ਨੂੰ ਵਿੰਗ-ਵਲੇਵੇਂ ਚੰਗੇ ਨੀ ਲੱਗਦੇ। ਉਸ ਦੇ ਵੇਲਣੇਂ ਨਾਲ ਇਹ ਸੋਧ ਹੋਈ ਐ।

************

ਪਤੀ (ਪਤਨੀ ਨੂੰ), ''ਮੈਂ ਕਿਹਾ ਸੁਣਦੀ ਏਂ, ਡਾਕਟਰ ਕਹਿੰਦੇ ਹਨ ਕਿ ਜ਼ਿਆਦਾ ਬੋਲਣ ਨਾਲ ਉਮਰ ਕਾਫੀ ਘੱਟ ਜਾਂਦੀ ਹੈ।''
ਪਤਨੀ (ਮੁਸਕਰਾ ਕੇ), ''ਹੁਣ ਤਾਂ ਤੁਹਾਨੂੰ ਯਕੀਨ ਹੋ ਗਿਆ ਨਾ ਕਿ ਮੇਰੀ ਉਮਰ 45 ਤੋਂ ਘੱਟ ਕੇ 25 ਸਾਲ ਕਿਵੇਂ ਹੋ ਗਈ।''

************

ਵਿਪਨ, ''ਕੁੜੀਆਂ ਸ਼ਰਾਬ ਤੋਂ ਇੰਨੀ ਨਫਰਤ ਕਿਉਂ ਕਰਦੀਆਂ ਹਨ?''
ਭਰਤ, ''ਕਿਉਂਕਿ ਸ਼ਰਾਬ ਪੀਣ ਤੋਂ ਬਾਅਦ ਉਨ੍ਹਾਂ ਦੇ ਚੂਹੇ ਵਰਗੇ ਪਤੀ ਸ਼ੇਰ ਵਰਗਾ ਵਤੀਰਾ ਕਰਨ ਲੱਗਦੇ ਹਨ।''

************

ਇਕ ਚੂਹਾ ਪਾਰਟੀ ਵਿੱਚ ਚਾਰ ਪੈਗ ਲਾ ਕੇ ਟੱਲੀ ਹੋਇਆ ਫਿਰਦਾ ਸੀ।
ਬਿੱਲੀ ਕਹਿਣ ਲੱਗੀ, ''ਅੱਜ ਪਾਰਟੀ ਨਾ ਹੁੰਦੀ ਤਾਂ ਮੈਂ ਤੈਨੂੰ ਖਾ ਜਾਂਦੀ।''
ਚੂਹਾ, ''ਦੌੜ ਜਾ ਕੰਬਖਤ, ਨਹੀਂ ਤਾਂ ਲੋਕ ਕਹਿਣਗੇ ਕਿ ਨਸ਼ੇ ਵਿੱਚ ਔਰਤ ਜਾਤ ਉੱਤੇ ਹੱਥ ਚੁੱਕ ਦਿੱਤਾ।

************

ਪਿਓ, ''ਨਾਲਾਇਕ, ਗੁਆਂਢ 'ਚ ਚੰਦੂ ਜੀ ਦੀ ਕੁੜੀ ਨੂੰ ਦੇਖ, ਪਹਿਲੇ ਨੰਬਰ 'ਤੇ ਆਈ ਹੈ।''
ਪੁੱਤਰ, ''ਹੋਰ ਕਿੰਨਾਂ ਕੁ ਦੇਖਾਂ, ਉਸੇ ਨੂੰ ਦੇਖ-ਦੇਖ ਕੇ ਤਾਂ ਫੇਲ ਹੋਇਆ ਹਾਂ।''

************

ਟੀ ਵੀ ਰਿਪੋਰਟਰ ਨੇ ਬੰਬ ਧਮਾਕੇ ਵਿੱਚ ਜ਼ਖਮੀ ਪੱਪੂ ਨੂੰ ਪੁੱਛਿਆ, ''ਜਦੋਂ ਬੰਬ ਡਿਗਿਆ ਤਾਂ ਕੀ ਇਹ ਜ਼ੋਰ ਨਾਲ ਫਟ ਗਿਆ?''
ਜ਼ਖਮੀ ਪੱਪੂ ਖਿਝ ਕੇ ਬੋਲਿਆ, ''ਨਹੀਂ ਭਾਈ ਸਾਹਿਬ, ਉਹ ਰੇਂਗਦਾ ਹੋਇਆ ਮੇਰੇ ਕੋਲ ਆਇਆ ਅਤੇ ਬੋਲਿਆ; ਭਾਅ ਜੀ ਬੜ੍ਹੂੱਮ।''

************

ਪਤੀ ਜਨਾਬ ਸਵੇਰੇ-ਸਵੇਰੇ ਫੇਸਬੁੱਕ ਖੋਲ੍ਹ ਕੇ ਬੈਠ ਗਏ। ਉਨ੍ਹਾਂ ਦੀ ਇਕ ਗਰਲਫ੍ਰੈਂਡ ਨੇ ਸੈਂਡਵਿਚ ਦੀ ਫੋਟੋ ਅਪਲੋਡ ਕਰਕੇ ਲਿਖਿਆ, ''ਆਓ, ਨਾਸ਼ਤਾ ਕਰੀਏ।''
ਪਤੀ ਨੇ ਖੁਸ਼ ਹੋ ਕੇ ਕੁਮੈਂਟ ਕੀਤਾ, ''ਬਹੁਤ ਵਧੀਆ ਨਾਸ਼ਤਾ ਸੀ, ਮਜ਼ਾ ਆ ਗਿਆ।''
ਇਹ ਕੁਮੈਂਟ ਪਤਨੀ ਨੇ ਦੇਖ ਲਿਆ ਅਤੇ ਪਤੀ ਨੂੰ ਨਾਸ਼ਤਾ ਨਹੀਂ ਦਿੱਤਾ। ਫਿਰ ਚਾਰ ਘੰਟਿਆਂ ਬਾਅਦ ਪਤੀ ਨੂੰ ਪੁੱਛਿਆ, ''ਖਾਣਾ ਬਣਾਵਾਂ ਜਾਂ ਤੁਸੀਂ ਦੁਪਹਿਰ ਦਾ ਖਾਣਾ ਵੀ ਫੇਸਬੁੱਕ 'ਤੇ ਹੀ ਕਰੋਗੇ?''

************

ਲੜਕੀ (ਲੜਕੇ ਨੂੰ), ''ਤੁਹਾਡਾ ਮੋਬਾਈਲ ਬਹੁਤ ਵਧੀਆ ਹੈ, ਕਿੰਨੇ ਦਾ ਲਿਆ ਹੈ?''
ਲੜਕਾ, ''ਰੇਸ ਵਿੱਚ ਜਿੱਤਿਆ ਹੈ।''
ਲੜਕੀ, ''ਵਾਹ! ਕਿੰਨੇ ਲੋਕ ਸਨ ਰੇਸ ਵਿੱਚ।''
ਲੜਕਾ, ''ਤਿੰਨ ਪੁਲਸ ਵਾਲੇ, ਇਕ ਮੋਬਾਈਲ ਸ਼ਾਪ ਵਾਲਾ ਅਤੇ ਇੱਕ ਮੈਂ।''

************

ਪ੍ਰੇਮੀ, ''ਡੀਅਰ! ਅਜੇ ਅਸੀਂ ਆਪਣੇ ਵਿਆਹ ਦੀ ਗੱਲ ਪੂਰੀ ਤਰ੍ਹਾਂ ਗੁਪਤ ਰੱਖਾਂਗੇ।''
ਪ੍ਰੇਮਿਕਾ, ''ਨਹੀਂ, ਮੈਂ ਇਹ ਗੱਲ ਆਪਣੀ ਸਹੇਲੀ ਮੰਜਰੀ ਨੂੰ ਜ਼ਰੂਰ ਦੱਸਾਂਗੀ, ਕਿਉਂਕਿ ਉਹ ਕਹਿੰਦੀ ਸੀ ਕਿ ਤੇਰੇ ਨਾਲ ਕੋਈ ਬੇਵਕੂਫ ਹੀ ਵਿਆਹ ਕਰਵਾ ਸਕਦਾ ਹੈ।''

************

ਇਕ ਸ਼ਰਾਬੀ ਸੜਕ 'ਤੇ ਜਾ ਰਿਹਾ ਸੀ ਕਿ ਅਚਾਨਕ ਤਿਲਕ ਕੇ ਚਿੱਕੜ ਵਿੱਚ ਜਾ ਡਿੱਗਾ।
ਉਸੇ ਵੇਲੇ ਬਿਜਲੀ ਚਮਕੀ ਤਾਂ ਸ਼ਰਾਬੀ ਬੋਲਿਆ, ''ਹਾਏ ਰੱਬਾ! ਇਕ ਤਾਂ ਪਹਿਲਾਂ ਹੀ ਚਿੱਕੜ ਵਿੱਚ ਡੇਗ ਦਿੱਤਾ, ਉਪਰੋਂ ਹੁਣ ਫੋਟੋ ਵੀ ਖਿੱਚ ਰਿਹਾ ਏਂ।''

************

ਪਤਨੀ, ''ਤੁਸੀਂ ਪਿਛਲੇ ਸਾਲ ਮੇਰੇ ਜਨਮ ਦਿਨ 'ਤੇ ਲੋਹੇ ਦਾ ਬੈਡ ਬਣਵਾ ਕੇ ਦਿੱਤਾ ਸੀ। ਇਸ ਵਾਰ ਕੀ ਇਰਾਦਾ ਹੈ?''ਪਤੀ, ''ਇਸ ਸਾਲ ਉਸ ਵਿੱਚ ਕਰੰਟ ਛੱਡਣ ਦਾ ਇਰਾਦਾ ਹੈ।''

************

ਪਤਨੀ (ਪਤੀ ਨੂੰ), ''ਜਦੋਂ ਮੈਂ ਤੁਹਾਡੇ ਕੋਲ ਆਉਂਦੀ ਹਾਂ, ਤੁਸੀਂ ਨਜ਼ਰ ਦੀ ਐਨਕ ਕਿਉਂ ਲਾਉਂਦੇ ਹੋ?''
ਪਤੀ, ''ਡਾਕਟਰ ਨੇ ਕਿਹਾ ਹੈ ਕਿ ਜਦੋਂ ਸਿਰਦਰਦ ਮਹਿਸੂਸ ਹੋਵੇ ਤਾਂ ਐਨਕ ਲਗਾਇਆ ਕਰ।''

************

ਟੀ ਵੀ ਰਿਪੋਰਟਰ ਨੇ ਬੰਬ ਧਮਾਕੇ ਵਿੱਚ ਜ਼ਖਮੀ ਪੱਪੂ ਨੂੰ ਪੁੱਛਿਆ, ''ਜਦੋਂ ਬੰਬ ਡਿਗਿਆ ਤਾਂ ਕੀ ਇਹ ਜ਼ੋਰ ਨਾਲ ਫਟ ਗਿਆ?''
ਜ਼ਖਮੀ ਪੱਪੂ ਖਿਝ ਕੇ ਬੋਲਿਆ, ''ਨਹੀਂ ਭਾਈ ਸਾਹਿਬ, ਉਹ ਰੇਂਗਦਾ ਹੋਇਆ ਮੇਰੇ ਕੋਲ ਆਇਆ ਅਤੇ ਬੋਲਿਆ; ਭਾਅ ਜੀ ਬੜ੍ਹੂੱਮ।''

************

ਇਕ ਚੂਹਾ ਪਾਰਟੀ ਵਿੱਚ ਚਾਰ ਪੈਗ ਲਾ ਕੇ ਟੱਲੀ ਹੋਇਆ ਫਿਰਦਾ ਸੀ।
ਬਿੱਲੀ ਕਹਿਣ ਲੱਗੀ, ''ਅੱਜ ਪਾਰਟੀ ਨਾ ਹੁੰਦੀ ਤਾਂ ਮੈਂ ਤੈਨੂੰ ਖਾ ਜਾਂਦੀ।''
ਚੂਹਾ, ''ਦੌੜ ਜਾ ਕੰਬਖਤ, ਨਹੀਂ ਤਾਂ ਲੋਕ ਕਹਿਣਗੇ ਕਿ ਨਸ਼ੇ ਵਿੱਚ ਔਰਤ ਜਾਤ ਉੱਤੇ ਹੱਥ ਚੁੱਕ ਦਿੱਤਾ।''

************

ਲੜਕੀ (ਲੜਕੇ ਨੂੰ), ''ਤੁਹਾਡਾ ਮੋਬਾਈਲ ਬਹੁਤ ਵਧੀਆ ਹੈ, ਕਿੰਨੇ ਦਾ ਲਿਆ ਹੈ?''
ਲੜਕਾ, ''ਰੇਸ ਵਿੱਚ ਜਿੱਤਿਆ ਹੈ।''
ਲੜਕੀ, ''ਵਾਹ! ਕਿੰਨੇ ਲੋਕ ਸਨ ਰੇਸ ਵਿੱਚ।''
ਲੜਕਾ, ''ਤਿੰਨ ਪੁਲਸ ਵਾਲੇ, ਇਕ ਮੋਬਾਈਲ ਸ਼ਾਪ ਵਾਲਾ ਅਤੇ ਇੱਕ ਮੈਂ।''

************

ਔਰਤ (ਪੁਲਸ ਨੂੰ), ''ਸਾਹਿਬ, ਮੇਰੇ ਪਤੀ ਪੰਜ ਦਿਨ ਪਹਿਲਾਂ ਆਲੂ ਲੈਣ ਗਏ ਸਨ, ਅਜੇ ਤੱਕ ਨਹੀਂ ਮੁੜੇ।''
ਪੁਲਸ, ''ਤੁਸੀਂ ਕੁਝ ਹੋਰ ਕਿਉਂ ਨਹੀਂ ਬਣਾ ਲੈਂਦੇ।''

************

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵੱਲੋਂ “ਖਾਲਸਾ ਸਾਜਨਾ” ਦਿਵਸ ਨੂੰ ਸਮਰਪਿਤ ਸਲਾਨਾ ਕਵੀ ਦਰਬਾਰ ਕਰਵਾਇਆ ਗਿਆ:ਹਰਦੀਪ ਸਿੰਘ ਨਿੱਝਰ





ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੈਸਾਖੀ ਦੇ ਦਿਹਾੜੇ ’ਤੇ ਸੰਮਤ 1756 ਬਿਕ੍ਰਮੀ ਨੂੰ ਖਾਲਸੇ ਦੀ ਸਾਜਨਾ ਕੀਤੀ ਤਾਂ ਖਾਲਸਾ, ਪੰਥ ਦੇ ਰੂਪ ਵਿਚ ਵਿਕਸਿਤ ਹੋਇਆ ਜਿਸ ਨੇ ਨਿਵੇਕਲੇ ਮਹੱਤਵਪੂਰਨ ਸੁਨਹਿਰੀ ਮਕਬੂਲ ਇਤਿਹਾਸ ਦੀ ਸਿਰਜਨਾ ਕੀਤੀ। ਸਿਰਜੇ ਇਤਿਹਾਸ ਵਿਚ, ਖਾਲਸਾ ਪੰਥ ਨੇ ਧਰਮ ਦੀ ਖ਼ਾਤਰ ਅਣਗਿਣਤ ਸ਼ਹਾਦਤਾਂ ਪ੍ਰਾਪਤ ਕੀਤੀਆਂ। ਗੁਰੂ ਸਾਹਿਬਾਨ ਵੱਲੋਂ ਪਾਏ ਗਏ ਪੂਰਨਿਆਂ ’ਤੇ ਚਲਦਿਆਂ ਹੋਇਆਂ ਅਨੇਕਾਂ ਹੀ ਸਿੰਘਾਂ-ਸਿੰਘਣੀਆਂ ਅਤੇ ਗੁਰੂ ਦੇ ਪਿਆਰਿਆਂ ਨੇ ਸ਼ਹੀਦੀ ਜਾਮ ਪੀ ਕੇ ਪੰਥ ਦਾ ਨਾਂ ਰੌਸ਼ਨ ਕੀਤਾ ਅਤੇ ਅੱਜ ਤੱਕ ਕੌਮ ਦੀ ਆਜ਼ਾਦੀ, ਬਰਾਬਰੀ ਅਤੇ ਨਿਆਂ ਦੀ ਲੜਾਈ ਜਬਰ-ਜ਼ੁਲਮ ਦੇ ਵਿਰੁਧ ਲੜਦੇ ਆ ਰਹੇ ਹਨ।

ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਦੀ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ “ਖਾਲਸਾ ਸਾਜਨਾ ਦਿਵਸ” ਦੇ ਇਸ ਮਹਾਨ ਪਵਿੱਤਰ ਦਿਹਾੜੇ ਨੂੰ ਸਮਰਪਤ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਨਾਮੀ ਪ੍ਰਸਿੱਧ ਕਵੀ ਸਾਹਿਬਾਨਾਂ ਨੇ ਵੱਧ ਚੜ ਕੇ ਭਾਗ ਲਿਆ।ਹਰੇਕ ਵਰਗ ਦੇ ਨੌਜੁਆਨ, ਬੀਬੀਆਂ ਤੇ ਬਜ਼ੁਰਗ, ਪ੍ਰੋਫੈਸਰ, ਪ੍ਰਿੰਸੀਪਲ ਕਵੀ ਸਾਹਿਬਾਨਾਂ ਨੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਿੰਸੀਪਲ ਗਿਆਨ ਸਿੰਘ ਕੋਟਲੀ ਜੀ ਨੇ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨੂੰ ਉਹਨਾਂ ਦੀਆਂ ਸੇਵਾਵਾਂ ਤੋਂ ਪ੍ਰਭਾਵਤ ਹੋ ਕੇ ਕਿਤਾਬ ਭੇਂਟ ਕੀਤੀ।ਸਮਾਗਮ ਦੇ ਅਖੀਰ ਵਿੱਚ ਆਏ ਹੋਏ ਕਵੀ ਸਾਹਿਬਾਨਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਪੱਤਰ ਦੇ ਕੇ ਹੌਸਲਾ ਅਫਜਾਈ ਕੀਤੀ ਗਈ ।ਕਵੀ ਦਰਬਾਰ ਦਾ ਸੰਚਾਲਨ ਪ੍ਰਸਿੱਧ ਕਵੀ ਤੇ ਹੋਸਟ ਪ੍ਰੋਫੈਸਰ ਗੁਰਵਿੰਦਰ ਸਿੰਘ ਧਾਲੀਵਾਲ ਨੇ ਕੀਤਾ ਇਸ ਤਰਾਂ ਸਲਾਨਾ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ। ਗੁਰੂ ਮਹਾਂਰਾਜ ਕਿਰਪਾ ਕਰਨ ਅਜਿਹੇ ਉਪਰਾਲੇ ਹੁੰਦੇ ਰਹਿਣ ਤਾਂ ਕਿ ਅਸੀਂ ਆਪਣੀ ਵਿਰਾਸਤ ਨਾਲ ਜੁੜੇ ਰਹੀਏ ।


FRASERVIEW MEATS
The Name of Guaranteed Quality Meats



Number One Quality Meat in Lower Mainland
We also sell cooked chicken
We take orders for all occassion
Serving You Since 1993
Try our Special Chicken Tikkar



Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com



Rai Express Lines Ltd.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8



THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special


FD
FIBRETECH DISTRIBUTORS
KITCHEN & BATH
HAPPY
VAISAKHI
Choose the perfect kitchen faucet, sink, or accessories to reflect your lifestyle. From contemporary designs to classic models, chic tints to bold colors, all under one roof.
SURREY
8247-130St, Surrey
Tel: 604-507-2199
COQUITLAM
2556 Barnet Highway
Tel:604-507-2199
VANCOUVER
1375 Kingsway
Tel: 604-507-2199
www.fibretechbc.ca


Happy
Vaisakhi
Vaisakhi Di Lakh Lakh
Vadhaiyan...
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ
ਲੱਖ-ਲੱਖ ਵਧਾਈ
“ਆਪਣੇ ਭਾਈਚਾਰੇ ਦਾ ਮਾਣ”
SINGH THIND & ASSOCIATES
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
*Criminal Law
*Civil Litigation
*Immigration Law
*Divorce Cases
AMANDEEP SINGH
JUSTIN S. THIND
604.543.3886
#208, 7110 120 Street, Surrey, BC
SINGH THIND
& ASSOCIATES
BARRISTERS & SOLICITORS


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: **604-203-7272**

7236 -120St, Surrey, BC

Email:info@dreambanquethall.ca



# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca